ੴ ਵਾਹਿਗੁਰੂ ਜੀ ਕੀ ਫ਼ਤਿਹ॥

ਗੁਰਮਤਿ ਐਲੀਮੈਂਟਰੀ ਕੋਰਸ

GURMAT ELEMENTARY COURSE
(CORRESPONDENCE COURSE)

LESSON 3



ਪ੍ਰਕਾਸ਼ਕ

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਜਵੱਦੀ, ਲੁਧਿਆਣਾ। ਫੋਨ: 0161-2521700
Email: gurmatgian@rediffmail.com
Website: www.gurmatgian.org

ਸਹਿਯੋਗ

ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ
ਚੌਂਤਾਂ ਕਲਾਂ, ਰੋਪੜ।
ਮਾਤਾ ਸਾਹਿਬ ਕੌਰ ਗੁਰਮਤਿ ਕਾਲਜ
ਫ਼ਰੀਦਾਬਾਦ-121001

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਸੱਤਵੀਂ ਵਾਰੀ : ਅਪ੍ਰੈਲ 2018 20/- ਰੁਪਏ

ਤਤਕਰਾ

ਵਿਸ਼ਾ ਸੂਚੀ **ਪੰਨਾ**

ਇਤਿਹਾਸ

1. ਗੁਰੂ ਅਮਰਦਾਸ ਜੀ 3
2. ਪਹਿਲੇ ਪੰਗਤ ਪਾਛੈ ਸੰਗਤ 6
3. ਭਾਈ ਪ੍ਰੇਮਾ ਜੀ 8
4. ਲਾਲਚੀ ਹਰੀ ਰਾਮ ਤਪਾ 10
5. ਬੀਬੀ ਭਾਨੀ ਜੀ 12
6. ਭਾਈ ਲਾਲੂ ਜੀ 14

ਫਿਲਾਸਫ਼ੀ

7. ਇਸਤਰੀ ਦਾ ਸਥਾਨ 18
8. ਸੇਵਾ 21
9. ਮਨੁੱਖਤਾ ਅਤੇ ਜ਼ਾਤ-ਪਾਤ 27

ਸ਼ਬਦ-ਵੀਚਾਰ

10. ਜਿਸੁ ਨੀਚ ਕਉ ਕੋਈ ਨ ਜਾਨੈ 31
11. ਏ ਨੇੜ੍ਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ 33
12. ਜੌ ਰਾਜੁ ਦੇਹਿ ਤ ਕਵਨ ਬਡਾਈ 34
13. ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ 36
14. ਕੋਈ ਬੋਲੈ ਰਾਮ ਰਾਮ ਕੋਈ ਖੁਦਾਇ 39

ਜੀਵਨ ਵਿਕਾਸ

15. ਅੰਮ੍ਰਿਤ ਵੇਲਾ 40
16. ਚੰਗੀ ਜੀਵਨ ਜਾਚ ਦੇ ਗੁਣ 43

ਪ੍ਰਸ਼ਨ ਪੱਤਰ 47

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

(ਇਸ ਪੁਸਤਕ ਵਿਚ ਦਿੱਤੀਆਂ ਗਈਆਂ ਇਤਿਹਾਸਕ ਮਿਤੀਆਂ ਪੁਰਾਣੀ ਅੰਗ੍ਰੇਜ਼ੀ ਮਿਤੀਆਂ ਤੋਂ ਲਗਭਗ 15 ਦਿਨਾਂ ਦੇ ਫਰਕ ਨਾਲ ਲਈਆਂ ਗਈਆਂ ਹਨ ਕਿਉਂ ਜੋ ਮੌਜੂਦਾ ਨਾਨਕਸ਼ਾਹੀ ਕੈਲੰਡਰ ਮੁਤਾਬਕ ਵਾਲੀਆਂ ਤੇ ਪੁਰਾਤਨ ਮਿਤੀਆਂ ਦੇ ਮਲਾਨ ਦਾ ਇੰਨੇ ਦਿਨਾਂ ਦਾ ਅੰਤਰ ਹੈ। ਕਿਉਂਕਿ 1752 ਈ. ਵਿਚ ਅੰਗ੍ਰੇਜ਼ਾਂ ਨੇ ਆਪਣੀਆਂ ਮਿਤੀਆਂ ਵਿਚ ਦੋ ਹਫਤੇ ਦਾ ਫਰਕ ਪਾ ਕੇ ਅੰਤਰਰਾਸ਼ਟਰੀ ਕੈਲੰਡਰ ਨੂੰ ਅਪਣਾਇਆ ਸੀ।)

ਇਤਿਹਾਸ

1. ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ਵਿਖੇ 23 ਮਈ ਸੰਨ 1479 ਨੂੰ ਹੋਇਆ। ਆਪ ਦੇ ਪਿਤਾ ਦਾ ਨਾਮ ਬਾਬਾ ਤੇਜਭਾਨ ਜੀ ਸੀ। ਆਪ ਦੀ ਮਾਤਾ ਦਾ ਨਾਮ ਮਾਤਾ ਲਖਮੀ ਜੀ ਸੀ। ਆਪ ਦਾ ਵਿਆਹ ਭਾਈ ਦੇਵੀ ਚੰਦ ਦੀ ਧੀ ਰਾਮ ਕੌਰ ਜੀ ਨਾਲ ਸੰਨ 1503 ਵਿਚ ਹੋਇਆ। ਉਨ੍ਹਾਂ ਦੀ ਕੁੱਖੋਂ ਦੋ ਪੁੱਤਰ ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਜੀ ਹੋਈਆਂ।

ਗੁਰੂ ਅੰਗਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਬਾਬਾ (ਗੁਰੂ)ਅਮਰਦਾਸ ਜੀ ਦੇ ਭਤੀਜੇ ਭਾਈ ਜੱਸੂ ਜੀ ਨਾਲ ਵਿਆਹੀ ਹੋਈ ਸੀ। ਇਕ ਦਿਨ ਅੰਮ੍ਰਿਤ ਵੇਲੇ ਉਹ ਦੁੱਧ ਰਿੜਕ ਰਹੀ ਸੀ, ਨਾਲੇ ਗੁਰਬਾਣੀ ਦਾ ਪਾਠ ਬੜੀ ਮਧੁਰ ਲੈਅ ਵਿਚ ਕਰ ਰਹੀ ਸੀ। ਬਾਬਾ (ਗੁਰੂ) ਅਮਰਦਾਸ ਜੀ ਧਿਆਨ ਨਾਲ ਸੁਣ ਰਹੇ ਸਨ। ਪ੍ਰੇਮ ਦੀ ਖਿੱਚ ਪਈ। ਬਾਬਾ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਪੂਰਨ ਸਮਰਪਿਤ ਹੋਣ ਦਾ ਨਿਰਣਾ ਕਰ ਲਿਆ। ਉਹ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਪੁੱਜੇ। ਦੀਵਾਨ ਸਜਿਆ ਹੋਇਆ ਸੀ, ਸਤਸੰਗ ਚਲ ਰਿਹਾ ਸੀ। ਦਰਸ਼ਨ ਕੀਤੇ, ਚਰਨੀਂ ਲੱਗੇ, ਮਨ ਨੂੰ ਸ਼ਾਂਤੀ ਆਈ ਅਤੇ ਨਿਹਾਲ ਹੋਏ, ਆਪ ਦੀ ਉਮਰ ਉਸ ਸਮੇਂ 62 ਸਾਲਾਂ ਦੀ ਸੀ ਤੇ ਗੁਰੂ ਅੰਗਦ ਸਾਹਿਬ ਜੀ ਦੀ 36 ਵਰ੍ਹੇ ਦੀ ਸੀ।

ਗੁਰ ਸੇਵਾ ਵਿਚ ਅਜਿਹੇ ਰੁੱਝੇ ਕਿ ਮੁੜ ਘਰ ਵਾਪਸ ਆਉਣ ਦਾ ਜੀਅ ਨਾ ਕੀਤਾ। ਬਾਬਾ (ਗੁਰੂ) ਅਮਰਦਾਸ ਜੀ ਵਾਪਸ ਘਰ ਨਾ ਆਏ। ਖਡੂਰ ਸਾਹਿਬ ਟਿਕ ਕੇ ਗੁਰੂ-ਸੰਗਤ ਦੀ ਤਨ ਤੇ ਮਨ ਦੁਆਰਾ ਸੇਵਾ ਕਰਨੀ ਆਰੰਭ ਦਿਤੀ ।

ਦਿਨ-ਰਾਤ ਸਤਸੰਗਤ ਅਤੇ ਲੰਗਰ ਦੀ ਸੇਵਾ ਵਿਚ ਜੁਟੇ ਰਹਿੰਦੇ। ਬਾਣੀ ਦੀ ਵਿਚਾਰ ਕਰਦੇ ਰਹਿੰਦੇ। ਹਰ ਸਮੇਂ ਗੁਰੂ ਜੀ ਦੇ ਹੁਕਮ ਨੂੰ ਮੰਨਣ ਲਈ ਤਤਪਰ ਰਹਿੰਦੇ। ਗੁਰੂ ਅੰਗਦ ਸਾਹਿਬ ਨੇ ਆਪ ਨੂੰ ਗੋਇੰਦਵਾਲ ਨਗਰ, ਦਰਿਆ ਬਿਆਸ ਦੇ ਕੰਢੇ ਵਸਾਉਣ ਦੀ ਹਦਾਇਤ ਕੀਤੀ। 16 ਅਪ੍ਰੈਲ ਸੰਨ 1552 ਨੂੰ ਗੁਰੂ ਅੰਗਦ ਸਾਹਿਬ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਨੂੰ ਗੁਰਗੱਦੀ ਦੀ ਬਖਸ਼ਿਸ਼ ਦੇ ਪਾਤਰ ਸਮਝ ਕੇ ਗੁਰਿਆਈ ਸੌਂਪ ਦਿਤੀ। ਹੁਣ ਆਪ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਪਾਤਸ਼ਾਹ ਗੁਰੂ ਸਥਾਪਿਤ ਹੋ ਗਏ। ਗੁਰੂ ਅੰਗਦ ਸਾਹਿਬ ਜੀ ਦੇ ਹੁਕਮ ਮੁਜਬ ਹੀ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਖਡੂਰ ਸਾਹਿਬ ਦੀ ਥਾਂ ਗੋਇੰਦਵਾਲ ਸਾਹਿਬ ਜਾ ਬਣਾਇਆ।

ਲੰਗਰ ਦੀ ਪ੍ਰਥਾ ਗੁਰੂ ਘਰ ਵਿਚ ਪਹਿਲਾਂ ਹੀ ਪ੍ਰਚੱਲਿਤ ਸੀ, ਪਰ ਗੁਰੂ ਅਮਰਦਾਸ ਜੀ ਨੇ ਲੋਕਾਂ ਵਿਚੋਂ ਜ਼ਾਤ-ਪਾਤ, ਛੂਤ-ਛਾਤ ਨੂੰ ਬਿਲਕੁਲ ਖਤਮ ਕਰਨ ਲਈ ਹੁਕਮ ਕੀਤਾ ਕਿ ਜਿਹੜਾ ਵੀ ਸਾਡੇ ਦਰਸ਼ਨਾਂ ਲਈ ਆਵੇ ਉਹ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕੇ। ਸਭ ਲੋਕ ਬਿਨਾਂ ਕਿਸੇ ਵਿਤਕਰੇ ਦੇ, ਜ਼ਾਤ-ਪਾਤ ਦਾ ਭੇਦ-ਭਾਵ ਖਤਮ ਕਰਕੇ

ਇਕੋ ਪੰਗਤ ਵਿਚ ਬਹਿ ਕੇ ਪ੍ਰਸ਼ਾਦਾ ਛਕਦੇ। ਅਕਬਰ ਬਾਦਸ਼ਾਹ ਨੇ ਵੀ ਪੰਗਤ ਵਿਚ ਬਹਿ ਕੇ ਪ੍ਰਸ਼ਾਦਾ ਛਕਿਆ ਸੀ, ਤਾਂ ਹੀ ਗੁਰੂ ਸਾਹਿਬ ਦੇ ਦਰਸ਼ਨ ਕਰ ਸਕਿਆ। ਅਕਬਰ ਨੇ ਸੇਵਾ ਭਾਵ ਤੋਂ ਖੁਸ਼ ਹੋ ਕੇ ਲੰਗਰ ਲਈ ਜਗੀਰ ਦੇਣ ਦੀ ਪੇਸ਼ਕਸ਼ ਕੀਤੀ ਪਰ ਗੁਰੂ ਸਾਹਿਬ ਨੇ ਬੜੀ ਦ੍ਰਿੜ੍ਹਤਾ ਪਰੰਤੂ ਪਿਆਰ ਭਰੇ ਢੰਗ ਨਾਲ ਨਾਂਹ ਕਰ ਦਿੱਤੀ ਤੇ ਕਿਹਾ ਕਿ ਲੰਗਰ ਗੁਰੂ ਦੇ ਸਿੱਖਾਂ ਦੀ ਕਿਰਤ-ਕਮਾਈ ਨਾਲ ਹੀ ਚਲਦਾ ਹੈ।

ਸਤੀ ਦੀ ਰਸਮ ਬੰਦ ਕਰਨ ਵੱਲ ਗੁਰੂ ਜੀ ਨੇ ਖਾਸ ਧਿਆਨ ਦਿਤਾ। ਇਸ ਰਸਮ ਅਨੁਸਾਰ ਇਸਤਰੀ ਨੂੰ ਆਪਣੇ ਮਰ ਗਏ ਪਤੀ ਦੀ ਚਿਖਾ ਵਿਚ ਪੈ ਕੇ ਜਿਉਂਦੀ ਸੜਨਾ ਪੈਂਦਾ ਸੀ। ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਅਤੇ ਅਕਬਰ ਕੋਲੋਂ ਇਸ ਪ੍ਰਥਾ ਦੇ ਵਿਰੁੱਧ ਫ਼ੁਰਮਾਣ (ਹੁਕਮ) ਜਾਰੀ ਕਰਵਾਇਆ। ਆਪ ਨੇ ਘੁੰਡ ਕੱਢਣ ਤੇ ਪੜਦੇ ਅੰਦਰ ਰਹਿਣ ਦੇ ਰਿਵਾਜ ਨੂੰ ਵੀ ਦੂਰ ਕੀਤਾ। ਸੰਗਤ ਵਿਚ ਸਭ ਮਾਈਆਂ ਬੀਬੀਆਂ, ਖੁੱਲ੍ਹੇ ਮੂੰਹ ਆਉਂਦੀਆਂ ਸਨ। ਮਰਨ ਤੋਂ ਮਗਰੋਂ ਬਹੁਤ ਸਾਰੀਆਂ ਭੈੜੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ, ਗੁਰੂ ਜੀ ਨੇ ਸਭ ਖਤਮ ਕਰਵਾਈਆਂ। ਗੁਰੂ ਸਾਹਿਬ ਦੁਆਰਾ ਕੀਤੇ ਜਾ ਰਹੇ ਪ੍ਰਚਾਰ ਅਤੇ ਜ਼ਾਤ-ਪਾਤ ਨੂੰ ਮੂਲੋਂ ਖਤਮ ਕਰਨ ਲਈ ਚਲਾਈ ਲੰਗਰ ਸੰਸਥਾ ਅਖੌਤੀ ਉੱਚੀ ਜ਼ਾਤ ਵਾਲਿਆਂ ਤੇ ਕਰਾਰੀ ਸੱਟ ਸੀ। ਗੁਰੂ ਪਾਤਸ਼ਾਹ ਨੇ ਸਰਬ ਮਨੁੱਖਤਾ ਲਈ ਸਰਬ-ਸਾਂਝਾ ਉਪਦੇਸ਼ ਦਿੱਤਾ ਅਤੇ ਸਭ ਨੂੰ ਇਕੋ ਪਰਮਾਤਮਾ ਦੀ ਸੰਤਾਨ ਮੰਨ ਕੇ ਇਕੋ ਜਿਹਾ ਸਲੂਕ ਕੀਤਾ। ਸਾਫ਼-ਸੁਥਰੇ ਪੀਣ ਯੋਗ ਪਾਣੀ ਲਈ ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ ਇਕ ਬਾਉਲੀ ਬਣਵਾਈ।

ਸਿੱਖ ਧਰਮ ਦੇ ਪ੍ਰਚਾਰ ਦਾ ਪੱਕਾ ਪ੍ਰਬੰਧ ਕਰਨ ਲਈ ਆਪ ਨੇ ਸਾਰੇ ਇਲਾਕੇ ਨੂੰ ਜਿੱਥੇ ਜਿੱਥੇ ਗੁਰੂ ਨਾਨਕ ਸਾਹਿਬ ਜੀ ਸਿੱਖ ਸੰਗਤਾਂ ਕਾਇਮ ਕਰਕੇ ਆਏ ਸਨ, ਵਿਉਂਤ ਅਤੇ ਪ੍ਰਬੰਧ ਵਿਚ ਲਿਆਉਣ ਲਈ ਉਸ ਸਾਰੇ ਇਲਾਕੇ ਨੂੰ ਬਾਈ ਹਿੱਸਿਆਂ ਵਿਚ ਵੰਡਿਆ ਅਤੇ ਹਰੇਕ ਹਿੱਸੇ ਲਈ ਇਕ ਮੁੱਖੀ ਸਿੱਖ ਪ੍ਰਚਾਰਕ ਥਾਪਿਆ ਗਿਆ। ਇਹਨਾਂ ਨੂੰ ਬਾਈ ਮੰਜੀਆਂ ਦਾ ਨਾਮ ਦਿੱਤਾ ਗਿਆ। ਇਸੇ ਤਰ੍ਹਾਂ ਇਨ੍ਹਾਂ ਦੇ ਥੱਲੇ 52 ਪੀੜ੍ਹੇ ਸਥਾਪਿਤ ਕੀਤੇ, ਜਿਨ੍ਹਾਂ ਦੇ ਮੁੱਖੀ ਸਿੱਖ ਪ੍ਰਚਾਰਕ ਥਾਪੇ ਗਏ। ਇਨ੍ਹਾਂ ਵਿਚੋਂ ਕਈ ਇਸਤਰੀਆਂ ਵੀ ਸਨ।

ਇਉਂ ਵੱਡੇ ਤੇ ਛੋਟੇ ਪ੍ਰਚਾਰਕ ਕੇਂਦਰ ਥਾਪ ਕੇ ਸਿੱਖੀ ਪ੍ਰਚਾਰ ਨੂੰ ਪੱਕੇ ਪੈਰੀਂ ਵਿਉਂਤ ਬੰਦ ਕੀਤਾ। ਜਿੱਥੇ-ਜਿੱਥੇ ਸਿੱਖ ਸੰਗਤਾਂ ਸਨ ਉਥੇ ਲੰਗਰ ਸਜਾਏ ਜਾਂਦੇ, ਕੀਰਤਨ, ਬਾਣੀ ਦੀ ਵਿਚਾਰ ਹੁੰਦੀ। ਇਸ ਸਭ ਦਾ ਨਤੀਜਾ ਇਹ ਹੋਇਆ ਕਿ ਸਭ ਜ਼ਾਤਾਂ, ਬਰਾਦਰੀਆਂ ਦੇ ਲੋਕ ਧੜਾ-ਧੜ ਸਿੱਖ ਬਣ ਗਏ। ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਵੀ ਬਹੁਤ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਸਿੱਖ ਬਣੇ ਅਤੇ ਅੱਲਾ ਯਾਰ ਖਾਨ ਪਠਾਣ ਜੋ ਕਿ ਅਫਗਾਨਿਸਤਾਨ ਦਾ ਵਪਾਰੀ ਸੀ, ਨੂੰ ਸਿੱਖ ਹੀ ਨਹੀਂ ਬਣਾਇਆ ਸਗੋਂ ਪ੍ਰਚਾਰ ਲਈ ਮੰਜੀ ਦੀ ਬਖਸ਼ਿਸ਼ ਵੀ ਕੀਤੀ।

ਗੁਰੂ ਅਮਰਦਾਸ ਜੀ ਨੇ ਇਕ ਵੱਡਾ ਪ੍ਰਚਾਰਕ ਦੌਰਾ ਕੁਰੂਸ਼ੇਤਰ, ਹਰਿਦੁਆਰ ਆਦਿ ਵਲ ਕੀਤਾ, ਜਿੱਥੇ ਆਮ ਲੋਕਾਈ ਨੂੰ ਗੁਰੂ ਉਪਦੇਸ਼ ਦੇ ਕੇ ਸਮਝਾਇਆ ਕਿ ਤੀਰਥਾਂ ਤੇ

ਨਹਾਉਣ ਨਾਲ ਮੁਕਤੀ ਨਹੀਂ ਹੋਣੀ, ਗੁਰੂ ਦੀ ਸਿੱਖਿਆ ਗ੍ਰਹਿਣ ਕਰਕੇ ਗੁਰੂ ਹੁਕਮਾਂ ਤੇ ਤੁਰਿਆਂ ਹੀ ਆਤਮਿਕ ਸ਼ਾਂਤੀ ਮਿਲ ਸਕਦੀ ਹੈ। ਕਈ ਥਾਵਾਂ ਤੇ ਗਿਆਨ ਚਰਚਾ ਵੀ ਹੋਈ, ਲੱਖਾਂ ਦੀ ਗਿਣਤੀ ਵਿਚ ਇਸ ਪ੍ਰਚਾਰ ਦੌਰੇ ਰਾਹੀਂ ਸਿੱਖ ਸਜੇ ਅਤੇ ਹੈ-ਹੈ ਕਰਦੀ ਲੋਕਾਈ ਵਿਚ ਠੰਡ ਵਰਤਾਈ ਗਈ। ਇਲਾਕੇ ਦੇ ਬ੍ਰਾਹਮਣਾਂ, ਉਚ-ਜ਼ਾਤ ਦੇ ਖੱਤਰੀਆਂ ਅਤੇ ਕਾਜ਼ੀ-ਮੁਲਾਣਿਆਂ ਨੇ ਗੁਰੂ ਸਾਹਿਬ ਨਾਲ ਵੈਰ ਕਮਾਇਆ, ਰਾਜ ਦਰਬਾਰ ਵਿਚ ਚੁਗਲੀ ਲਾਈ, ਪਰ ਜਦ ਅਕਬਰ ਬਾਦਸ਼ਾਹ ਨੇ ਸਿੱਖੀ ਉਪਦੇਸ਼ ਸੁਣੇ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਚੁਗਲੀ ਖੋਰਾਂ ਨੂੰ ਝਿੜਕ ਪਾਈ। ਅਕਬਰ ਆਪ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਆਇਆ।

ਗੁਰੂ ਅਮਰਦਾਸ ਜੀ ਨੇ ਵਿਆਹਾਂ ਸਮੇਂ ਚੋਣ ਲਈ ਕੇਵਲ ਗੁਣਾਂ ਨੂੰ ਮੁੱਖ ਰੱਖਣ ਦਾ ਉਪਦੇਸ਼ ਦਿੱਤਾ। ਏਸੇ ਲਈ ਉਨ੍ਹਾਂ ਨੇ ਆਪਣੀ ਸਪੁੱਤਰੀ ਬੀਬੀ ਦਾਨੀ ਜੀ ਦਾ ਅਨੰਦ ਕਾਰਜ ਭਾਈ ਰਾਮਾ ਨਾਮੇ ਸਾਧਾਰਨ ਸਿੱਖ ਨਾਲ ਕੀਤਾ ਅਤੇ ਬੀਬੀ ਭਾਨੀ ਲਈ ਘੁੰਗਣੀਆਂ ਵੇਚਣ ਵਾਲੇ ਯਤੀਮ ਗੱਭਰੂ ਭਾਈ ਜੇਠਾ(ਗੁਰੂ ਰਾਮਦਾਸ) ਜੀ ਨੂੰ ਬਿਨਾਂ ਕਿਸੇ ਜ਼ਾਤ-ਪਾਤ ਪੁੱਛ-ਗਿੱਛ ਦੇ ਚੁਣਿਆ।

ਗੁਰੂ ਅਮਰਦਾਸ ਜੀ ਨੇ ਵੀ ਬਾਣੀ ਉਚਾਰੀ ਤੇ ਇਹ ਬਾਣੀ ਗੁਰੂ ਸਾਹਿਬ ਆਪ ਲਿਖ ਕੇ ਗੁਰਗੱਦੀ ਸਮੇਂ ਪ੍ਰਾਪਤ ਹੋਈ ਗੁਰਬਾਣੀ ਦੀ ਪੋਥੀ ਨਾਲ ਸੰਭਾਲਦੇ ਰਹੇ ਅਤੇ ਬਾਣੀ ਦਾ ਪ੍ਰਚਾਰ ਵੀ ਬਹੁਤ ਹੁੰਦਾ ਰਿਹਾ। ਪ੍ਰਚਾਰਕ ਗੁਰੂ ਸਾਹਿਬ ਪਾਸੋਂ ਬਾਣੀ ਲਿਖ ਕੇ ਲੈ ਜਾਂਦੇ ਅਤੇ ਦੂਰ-ਦੁਰੇਡੇ ਥਾਵਾਂ ਤੇ ਸੰਗਤਾਂ ਤੱਕ ਬਾਣੀ ਪਹੁੰਚਾਂਦੇ। ਜਿੱਥੇ ਸਿੱਖ ਹੱਥੀਂ ਕਿਰਤਕਾਰ ਕਰਦੇ, ਉਥੇ ਨਾਲ ਹੀ ਲੋੜਵੰਦਾਂ ਲਈ ਅਤੇ ਜ਼ਾਤ-ਪਾਤ, ਛੂਤ-ਛਾਤ ਦੇ ਵਿਤਕਰੇ ਮਿਟਾਉਣ ਲਈ ਲੰਗਰ ਵੀ ਸਜਾਉਂਦੇ।

(ਗੁਰੂ) ਰਾਮਦਾਸ ਜੀ ਦੀ ਪ੍ਰੇਮ ਸੇਵਾ ਤੇ ਭਗਤੀ ਵਾਲੀ ਰਹਿਤ ਗੁਰੂ ਅਮਰਦਾਸ ਜੀ ਨੂੰ ਭਾਅ ਗਈ। (ਗੁਰੂ) ਰਾਮਦਾਸ ਜੀ, ਗੁਰੂ ਸਾਹਿਬ ਜੀ ਦੀ ਹਰ ਪ੍ਰੀਖਿਆ ਵਿਚ ਪੂਰੇ ਉਤਰੇ। ਇਸ ਕਰਕੇ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਬਖਸ਼ਿਸ਼ (ਗੁਰੂ) ਰਾਮਦਾਸ ਜੀ ਨੂੰ ਕਰਨ ਦਾ ਮਨ ਬਣਾ ਲਿਆ। 16 ਸਤੰਬਰ 1574 ਨੂੰ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੀ ਬਖਸ਼ਿਸ਼ ਬਾਬਾ (ਗੁਰੂ) ਰਾਮਦਾਸ ਜੀ ਨੂੰ ਕੀਤੀ। ਗੁਰਿਆਈ ਦੀ ਬਖਸ਼ਿਸ਼ ਦੇ ਨਾਲ-ਨਾਲ ਗੁਰੂ ਅਮਰਦਾਸ ਜੀ ਨੇ ਆਪਣੀ ਰਚੀ ਬਾਣੀ ਅਤੇ ਪਹਿਲੇ ਗੁਰ ਵਿਅਕਤੀਆਂ ਦੀ ਰਚੀ ਹੋਈ ਬਾਣੀ ਤੇ ਸੰਕਲਿਤ ਭਗਤ-ਬਾਣੀ ਸਮੇਤ, ਉਹ ਪੋਥੀ ਸਾਹਿਬ ਵੀ ਗੁਰਿਆਈ ਦੇ ਨਾਲ ਹੀ ਗੁਰੂ ਰਾਮਦਾਸ ਜੀ ਨੂੰ ਬਖਸ਼ ਦਿਤੀ। ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਗੁਰੂ ਸਾਹਿਬ ਜੀ ਨੇ ਵਿਸ਼ੇਸ਼ ਤੌਰ ਤੇ ਹਦਾਇਤ ਕੀਤੀ (ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥-923) ਪਰਿਵਾਰ ਅਤੇ ਸਿੱਖ ਸੰਗਤ ਦੀ ਹਾਜ਼ਰੀ ਵਿਚ ਹੁਕਮ ਦਿੱਤਾ ਕਿ ਸਾਰੇ ਹੀ ਮਿਲ ਬੈਠ ਕੇ ਨਾਮ ਬਾਣੀ ਦਾ ਕੀਰਤਨ, ਕਥਾ ਕਰਨ। ਗੁਰੂ ਅਮਰਦਾਸ ਜੀ 16 ਸਤੰਬਰ 1574 ਨੂੰ ਜੋਤੀ ਜੋਤਿ ਸਮਾ ਗਏ।

ਸਿੱਖਿਆ :- ਗੁਰੂ ਦੀ ਸੇਵਾ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਇਸ ਨਾਲ ਹੀ

ਮਨੁੱਖ ਨੂੰ ਸੱਚੀ ਖੁਸ਼ੀ ਤੇ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਜ਼ਾਤ-ਪਾਤ ਦੀ ਸਿੱਖ ਧਰਮ ਵਿਚ ਮਨਾਹੀ ਹੈ, ਇਸ ਲਈ ਸਿੱਖਾਂ ਵਾਸਤੇ ਰਿਸ਼ਤੇ-ਨਾਤੇ ਕਰਦੇ ਸਮੇਂ ਜ਼ਾਤ-ਪਾਤ, ਪੁੱਛਣੀ ਦੱਸਣੀ ਗੁਰੂ ਦੇ ਹੁਕਮਾਂ ਦੇ ਉਲਟ ਚਲਣਾ ਹੈ। ਸਿੱਖ ਬੀਬੀਆਂ ਲਈ ਘੁੰਡ ਕੱਢ ਕੇ ਸੰਗਤ ਵਿਚ ਆਉਣਾ ਨਿਰੋਲ ਮਨਮੱਤ ਹੈ। ਪਤੀ ਮਰਣ ਪਿਛੋਂ ਮੜ੍ਹੀਆਂ ਵਿਚ ਸੜ ਮਰਨਾ ਘੋਰ ਅਪਰਾਧ ਹੈ। ਪ੍ਰਾਣੀ ਦੇ ਮਰਨ ਉਪਰੰਤ ਧਾਹ ਮਾਰਨੀ, ਸਿਆਪਾ ਕਰਨਾ ਤੇ ਰੋਣਾ ਪਿੱਟਣਾ ਘੋਰ ਮਨਮੱਤ ਹੈ। ਕੇਵਲ ਤੇ ਕੇਵਲ ਗੁਰਬਾਣੀ ਦੀ ਟੇਕ, ਓਟ ਆਸਰਾ ਹੀ ਮਨਾਂ ਨੂੰ ਧੀਰਜ ਤੇ ਸ਼ਾਂਤੀ ਦਿੰਦਾ ਹੈ।

***

2. ਪਹਿਲੇ ਪੰਗਤ ਪਾਛੈ ਸੰਗਤ

ਗੁਰਮਤਿ ਅਨੁਸਾਰ ਸਭ ਮਨੁੱਖ ਪ੍ਰਭੂ-ਪਿਤਾ ਦੀ ਅੰਸ਼ ਹੋਣ ਕਾਰਨ ਆਪਸ ਵਿਚ ਭਾਈ-ਭਾਈ ਅਤੇ ਬਰਾਬਰ ਹਨ। ਜਨਮ ਜਾਂ ਜ਼ਾਤ ਦੇ ਆਧਾਰ 'ਤੇ ਮਨੁੱਖਾਂ ਨਾਲ ਵਿਤਕਰੇ ਕਰਨਾ ਅਯੋਗ ਹੈ। ਨੇਕ ਜਾਂ ਉੱਤਮ ਕੰਮ ਕਰਨ ਵਾਲਾ ਇਨਸਾਨ ਹੀ ਉੱਚੀ ਜ਼ਾਤ ਵਾਲਾ ਹੈ ਅਤੇ ਮਾੜੇ ਜਾਂ ਬੁਰੇ ਕੰਮ ਕਰਨ ਵਾਲਾ ਹੀ ਨੀਵੀਂ ਜ਼ਾਤ ਵਾਲਾ ਹੈ। ਇਹੀ ਗੁਰਮਤਿ ਦਾ ਸਿਧਾਂਤ ਹੈ।

ਇਸ ਜ਼ਾਤ-ਪਾਤ ਦੇ ਭੈੜੇ ਵਿਤਕਰੇ ਨੂੰ ਸਿੱਖ ਧਰਮ ਨੇ ਖਤਮ ਕੀਤਾ। ਗੁਰੂ ਨਾਨਕ ਸਾਹਿਬ ਜੀ ਅਤੇ ਬਾਕੀ ਨੌਂ ਪਾਤਸ਼ਾਹੀਆਂ ਨੇ ਇਸ ਵਿਤਕਰੇ ਨੂੰ ਮਿਟਾਉਣ ਲਈ ਧਰਮਸ਼ਾਲਾ ਅਤੇ ਸੰਗਤਾਂ ਕਾਇਮ ਕਰਕੇ ਕੀਰਤਨ ਕਰਨ ਅਤੇ ਮਿਲ-ਬੈਠ ਕੇ ਲੰਗਰ ਛਕਣ ਅਤੇ ਛਕਾਉਣ ਦਾ ਹੁਕਮ ਕੀਤਾ। ਗੁਰੂ ਸਾਹਿਬਾਨ ਨੇ ਜ਼ਾਤ-ਪਾਤ ਅਤੇ ਉੱਚ-ਨੀਚ ਦੇ ਵਿਤਕਰੇ ਨੂੰ ਖਤਮ ਕਰਨ ਲਈ ਅਮਲੀ ਕਦਮ ਚੁੱਕੇ। ਉਹਨਾਂ ਨੇ ਸੰਗਤ ਅਤੇ ਪੰਗਤ ਦਾ ਸਿਧਾਂਤ ਦੇ ਕੇ ਸਮਾਜ ਵਿਚ ਇਕ ਇਨਕਲਾਬ ਲਿਆਂਦਾ ਅਤੇ ਭਾਈਚਾਰੇ ਦੀ ਨੀਂਹ ਨੂੰ ਮਜ਼ਬੂਤ ਕਰਨ ਵਿਚ ਆਪਣਾ ਯੋਗਦਾਨ ਪਾਇਆ।

<u>ਸੰਗਤ</u> :- ਮਨੁੱਖੀ ਜੀਵਨ ਦੀ ਉਸਾਰੀ ਵਿਚ ਸੰਗਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਦੂਸਰਿਆਂ ਦੀ ਸੰਗਤ ਤੋਂ ਇਨਸਾਨ ਬਹੁਤ ਕੁੱਝ ਸਿੱਖਦਾ ਹੈ। ਚੰਗੇ ਵਿਚਾਰ ਚੰਗੀ ਸੰਗਤ ਨਾਲ ਹੀ ਬਣਦੇ ਹਨ। ਇਸੇ ਤਰ੍ਹਾਂ ਹੀ ਲੋਕਾਂ ਵਿਚ ਜੋ ਵੱਖਰੇਵਾਂ ਦਿਖਾਈ ਦੇ ਰਿਹਾ ਸੀ, ਉਸ ਨੂੰ ਗੁਰੂ ਸਾਹਿਬਾਨ ਨੇ ਦੂਰ ਕਰਕੇ ਲੋਕਾਂ ਵਿਚ ਆਪਸੀ ਪਿਆਰ ਤੇ ਭਾਈਚਾਰੇ ਦੀ ਨੀਂਹ ਨੂੰ ਪੱਕਾ ਕੀਤਾ। ਸੰਗਤ ਵਿਚ ਇੱਕਠੇ ਬੈਠ ਕੇ ਲੋਕ ਪ੍ਰਭੂ ਦੀ ਆਰਾਧਨਾ ਕਰਦੇ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ ਸੁਣਦੇ, ਇਸ ਨਾਲ ਲੋਕਾਂ ਦੇ ਮਨਾਂ ਵਿਚੋਂ ਨਫ਼ਰਤ ਖਤਮ ਹੋਈ ਤੇ ਆਪਸ ਵਿਚ ਪਿਆਰ ਵਧਿਆ ਅਤੇ ਜ਼ਾਤ-ਪਾਤ ਦਾ ਹੰਕਾਰ ਘੱਟ ਹੋਇਆ। ਇਸੇ ਕਰ ਕੇ ਹੀ ਸਿੱਖ ਧਰਮ ਨੇ ਸੰਗਤ ਦਾ ਨਵੀਨ ਅਤੇ ਬਹੁਤ ਹੀ ਸੋਹਣਾ ਸਿਧਾਂਤ ਇਸ ਜਗਤ ਨੂੰ ਦਿੱਤਾ।

<u>ਪੰਗਤ</u> :- ਸੰਗਤ ਵਿਚ ਬੈਠ ਕੇ ਜਿੱਥੇ ਸੱਚੇ ਗੁਰੂ ਦੇ ਗਿਆਨ ਨਾਲ ਮਨ ਨੂੰ ਹਰਾ-ਭਰਾ ਕਰਨਾ ਹੈ, ਉਥੇ ਨਾਲ ਹੀ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣਾ ਹੈ ਤਾਂ ਕਿ ਸਾਰੇ ਲੋਕ

ਇਕ ਦੂਸਰੇ ਨੂੰ ਆਪਣੇ ਪਰਿਵਾਰ ਦੇ ਹੀ ਮੈਂਬਰ ਸਮਝਣ। ਲੰਗਰ ਬਣਾਉਣ ਅਤੇ ਵਰਤਾਉਣ ਵੇਲੇ ਵੀ ਕੋਈ ਵਿਤਕਰਾ ਨਹੀਂ ਹੁੰਦਾ। ਕੋਈ ਵੀ ਔਰਤ ਜਾਂ ਆਦਮੀ ਲੰਗਰ ਬਣਾ ਅਤੇ ਵਰਤਾ ਸਕਦਾ ਹੈ। ਇਸ ਤਰਾਂ ਸਿੱਖ ਧਰਮ ਦੇ ਇਸ ਪੰਗਤ ਅਤੇ ਸੰਗਤ ਦੇ ਸਿਧਾਂਤ ਨੇ ਸਦੀਆਂ ਤੋਂ ਮਨੁੱਖਤਾ ਵਿਚ ਪਏ ਹੋਏ ਭੇਦਭਾਵ ਨੂੰ ਖਤਮ ਕੀਤਾ।

ਸਿੱਖ ਇਤਿਹਾਸ ਵਿਚ ਅਜਿਹੀਆਂ ਗਵਾਹੀਆਂ ਆਮ ਵੇਖਣ ਵਿਚ ਆਉਂਦੀਆਂ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਨੇ ਲੰਗਰ ਸ਼ੁਰੂ ਕਰਕੇ ਇਕੋ ਹੀ ਪੰਗਤ ਵਿਚ ਬੈਠ ਕੇ ਛਕਣ ਦਾ ਹੁਕਮ ਕੀਤਾ ਸੀ। ਬਾਅਦ ਵਿਚ ਵੀ ਗੁਰੂ ਸਾਹਿਬਾਨ ਨੇ ਵੀ ਇਸ ਮਰਯਾਦਾ ਨੂੰ ਤੋਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ। ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਵੀ ਇਹੀ ਮਰਯਾਦਾ ਜਾਰੀ ਰੱਖੀ, ਪਰ ਸਦੀਆਂ ਪੁਰਾਣਾ ਜ਼ਾਤ-ਪਾਤ ਦਾ ਵਿਤਕਰਾ ਇੰਨੀ ਛੇਤੀ ਦੂਰ ਨਹੀਂ ਸੀ ਹੋ ਸਕਦਾ। ਗੁਰੂ ਅਮਰਦਾਸ ਜੀ ਨੇ ਦੇਖਿਆ ਕਿ ਕਈ ਲੋਕ ਸੰਗਤ ਵਿਚ ਬੈਠ ਕੇ ਉਪਦੇਸ਼ ਤਾਂ ਸੁਣ ਲੈਂਦੇ ਹਨ ਪਰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਨਹੀਂ ਛਕਦੇ। ਇਸ ਗੱਲ ਵੱਲ ਗੁਰੂ ਸਾਹਿਬ ਨੇ ਖਾਸ ਧਿਆਨ ਦਿੱਤਾ ਅਤੇ ਇਹ ਹੁਕਮ ਕਰੜਾਈ ਨਾਲ ਲਾਗੂ ਕੀਤਾ ਕਿ ਹੁਣ ਤੋਂ ਬਾਅਦ ਗੁਰ ਉਪਦੇਸ਼ ਜਾਂ ਸੰਗਤ ਵਿਚ ਗੁਰੂ ਕੋਲ ਆਉਣ ਦਾ ਹੱਕਦਾਰ ਉਹੀ ਹੋਵੇਗਾ ਜਿਹੜਾ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇਗਾ। ਇਹ ਪੰਗਤ ਅਤੇ ਸੰਗਤ ਦਾ ਸਿਧਾਂਤ ਹਰ ਇਕ ਉੱਪਰ ਲਾਗੂ ਹੋਵੇਗਾ, ਭਾਵੇਂ ਉਹ ਮਹਾਰਾਜਾ ਹੋਵੇ ਜਾਂ ਇਕ ਗ਼ਰੀਬ ਆਦਮੀ। ਗੁਰੂ ਸਾਹਿਬ ਜੀ ਨੇ ਆਪਣਾ ਇਹ ਹੁਕਮ ਲਿਖ ਕੇ ਲਗਵਾ ਦਿੱਤਾ ਕਿ **"ਪਹਿਲੇ ਪੰਗਤ ਪਾਛੈ ਸੰਗਤਿ"**

ਹਿੰਦੋਸਤਾਨ ਦਾ ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੇ ਵੀ ਇਸ ਹੁਕਮ ਨੂੰ ਮੰਨਿਆ । ਅਕਬਰ ਗੁਰੂ ਘਰ ਦੀ ਸ਼ੋਭਾ ਪਹਿਲਾਂ ਵੀ ਸੁਣ ਚੁੱਕਾ ਸੀ। ਕਿਉਂਕਿ ਕਈ ਉੱਚ ਜ਼ਾਤੀਏ ਬ੍ਰਾਹਮਣ ਖੱਤਰੀ ਤੇ ਹੋਰ ਕਈ ਲੋਕ ਜੋ ਕਿ ਸਿੱਖ ਧਰਮ ਦੀ ਚੜ੍ਹਦੀ ਕਲਾ ਤੋਂ ਦੁਖੀ ਸਨ, ਉਹਨਾਂ ਨੇ ਅਕਬਰ ਕੋਲ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਹਿੰਦੂ ਅਤੇ ਮੁਸਲਮਾਨ ਮੱਤਾਂ ਦੇ ਖ਼ਿਲਾਫ ਹਨ। ਸਾਡੀ ਪੂਜਾ ਮਾਨਤਾ ਹੋਣੀ ਬੰਦ ਹੋ ਗਈ ਹੈ। ਪਰ ਜਦੋਂ ਅਕਬਰ ਨੇ ਬਾਬਾ (ਗੁਰੂ) ਰਾਮਦਾਸ ਜੀ ਕੋਲੋਂ ਸਿੱਖ ਧਰਮ ਦੇ ਮਾਨਵਵਾਦੀ ਅਤੇ ਸਰਬ-ਸਾਂਝੇ ਸਿਧਾਂਤਾਂ ਬਾਰੇ ਸੁਣਿਆ ਤਾਂ ਉਸਦੀ ਤਸੱਲੀ ਹੋ ਗਈ। ਇਸ ਤੋਂ ਪ੍ਰਭਾਵਿਤ ਹੋ ਕੇ ਅਕਬਰ ਗੁਰੂ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਆਇਆ। ਉਸਦੇ ਦਰਬਾਰੀ ਤੇ ਹੋਰ ਕਈ ਕਰਮਚਾਰੀ ਵੀ ਨਾਲ ਸਨ। ਗੋਇੰਦਵਾਲ ਸ਼ਹਿਰ ਦੇ ਬਾਹਰ ਪਹੁੰਚ ਕੇ ਉਹ ਆਪਣੀ ਸਵਾਰੀ ਤੋਂ ਉੱਤਰ ਕੇ ਨੰਗੇ ਪੈਰੀਂ ਚੱਲਣ ਲੱਗ ਪਿਆ। ਜਦੋਂ ਉਸ ਦੇ ਦਰਬਾਰੀ ਉਸਦੇ ਚੱਲਣ ਲਈ ਰੇਸ਼ਮੀ ਕੱਪੜਾ(ਪਾਂਵਟਾ) ਵਿਛਾਉਣ ਲੱਗੇ ਤਾਂ ਅਕਬਰ ਬੋਲਿਆ, "ਜਦੋਂ ਅੱਲ੍ਹਾ ਦੇ ਪਿਆਰੇ, ਉੱਚੇ ਤੇ ਮਹਾਨ ਧਰਮੀ ਪੁਰਸ਼ ਜਾਂ ਮੁਰਸ਼ਦ (ਗੁਰੂ) ਦੀ ਸੰਗਤ ਵਿਚ ਜਾਣਾ ਹੋਵੇ ਤਾਂ ਹਮੇਸ਼ਾ ਨਿਮਰਤਾਪੂਰਵਕ ਹੀ ਜਾਣਾ ਚਾਹੀਦਾ ਹੈ। ਮਨ ਵਿਚ ਆਪਣੇ ਉੱਚੇ ਅਹੁਦੇ ਦਾ ਕੋਈ ਹੰਕਾਰ ਨਹੀਂ ਹੋਣਾ ਚਾਹੀਦਾ।"

ਜਦੋਂ ਅਕਬਰ ਗੁਰੂ ਘਰ ਪਹੁੰਚਿਆ ਤਾਂ ਉਸ ਨੇ ਵੀ **"ਪਹਿਲੇ ਪੰਗਤ ਪਾਛੈ**

ਸੰਗਤਿ" ਦੇ ਸਿਧਾਂਤ ਤੇ ਹੁਕਮ ਨੂੰ ਮੰਨਿਆ। ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਆਮ ਲੋਕਾਂ ਦੇ ਨਾਲ ਮਿਲ ਕੇ ਲੰਗਰ ਛਕਿਆ। ਜਦ ਉਸ ਦੇ ਦਰਬਾਰੀਆਂ ਨੇ ਇਸ ਗੱਲ ਦਾ ਇਤਰਾਜ਼ ਕੀਤਾ ਤਾਂ ਅਕਬਰ ਨੇ ਕੋਈ ਪਰਵਾਹ ਨਾ ਕੀਤੀ। ਕੇਵਲ ਗੁਰੂ ਹੁਕਮਾਂ ਨੂੰ ਹੀ ਮੁੱਖ ਰੱਖਿਆ।

ਅੱਜ ਉਸ ਨੂੰ ਜੋ ਸਵਾਦ ਗੁਰੂ ਦਾ ਲੰਗਰ ਛਕ ਕੇ ਆਇਆ, ਅਜਿਹਾ ਸਵਾਦ ਉਸ ਨੂੰ ਭੋਜਨ ਵਿਚੋਂ ਪਹਿਲਾਂ ਕਦੇ ਵੀ ਨਹੀਂ ਸੀ ਆਇਆ। ਲੰਗਰ ਛਕਣ ਤੋਂ ਬਾਅਦ ਅਕਬਰ ਨੇ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਆ ਕੇ ਉਹਨਾਂ ਦੇ ਦਰਸ਼ਨ ਕੀਤੇ। ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਕਬਰ ਨੇ ਸੀਸ ਝੁਕਾਇਆ ਅਤੇ ਗੁਰੂ ਸਾਹਿਬ ਨਾਲ ਕੁਝ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਅਕਬਰ ਨੇ ਪੁੱਛਿਆ "ਪਾਤਸ਼ਾਹ ਜੀਓ! ਆਪ ਜੀ ਦੇ ਚਿਹਰੇ 'ਤੇ ਏਨਾ ਨੂਰ ਕਿਵੇਂ ਹੈ ?" ਗੁਰੂ ਸਾਹਿਬ ਜੀ ਨੇ ਫੁਰਮਾਇਆ "ਇਹ ਸਭ ਅੱਲ੍ਹਾ ਦੀ ਯਾਦ ਦਾ ਮਿੱਠਾ ਫਲ਼ ਹੈ।" ਲੰਗਰ ਛਕਣ ਨਾਲ ਅਕਬਰ ਦੇ ਸਰੀਰ ਅਤੇ ਮਨ ਨੂੰ ਸ਼ਾਂਤੀ ਮਿਲੀ। ਉਸਨੇ ਗੁਰੂ ਪਾਤਸ਼ਾਹ ਨੂੰ ਬੇਨਤੀ ਕਰਦੇ ਹੋਏ ਕਿਹਾ,

"ਮੈਂ ਵੀ ਲੰਗਰ ਵਿਚ ਕੁਝ ਹਿੱਸਾ ਪਾਉਣਾ ਚਾਹੁੰਦਾ ਹਾਂ। ਇਸ ਲਈ ਇਸ ਇਲਾਕੇ ਦੀ ਜਗੀਰ ਲੰਗਰ ਦੇ ਨਾਂ 'ਤੇ ਕਰਨਾ ਚਾਹੁੰਦਾ ਹਾਂ।"

ਗੁਰੂ ਜੀ ਨੇ ਫੁਰਮਾਇਆ, "ਇਹ ਲੰਗਰ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਸਦਕਾ ਧਰਮ ਦੀ ਕਿਰਤ ਕਰਦੇ ਹੋਏ ਸਿੱਖਾਂ ਵਲੋਂ ਦਿੱਤੀ ਭੇਟਾ ਨਾਲ ਹੀ ਚਲਦਾ ਹੈ। ਇਹ ਲੰਗਰ ਬਾਦਸ਼ਾਹਾਂ ਵਲੋਂ ਦਿੱਤੀਆਂ ਜਗੀਰਾਂ ਨਾਲ ਨਹੀਂ ਚਲ ਸਕਦੇ। ਅਸਾਨੂੰ ਅੱਲ੍ਹਾ ਨੇ ਬਖ਼ਸ਼ਿਸ਼ ਕੀਤੀ ਹੈ। ਕਿਸੇ ਵੀ ਵਸਤ ਦੀ ਤੋਟ ਨਹੀਂ ਹੈ। ਜਗੀਰਾਂ ਕਰਕੇ ਇਨਸਾਨ ਵਿਹਲੜ ਹੋ ਜਾਂਦੇ ਹਨ। ਇਸ ਕਰ ਕੇ ਸਾਨੂੰ ਤੁਹਾਡੀ ਜਗੀਰ ਦੀ ਜ਼ਰੂਰਤ ਨਹੀਂ ਹੈ।"

ਅਕਬਰ ਨੇ ਬਹੁਤ ਜ਼ੋਰ ਲਾਇਆ ਪਰ ਗੁਰੂ ਸਾਹਿਬ ਨੇ ਜਗੀਰ ਪ੍ਰਵਾਨ ਨਹੀਂ ਕੀਤੀ।

ਇਸ ਤਰ੍ਹਾਂ ਗੁਰਮਤਿ ਵਿਚ ਪੰਗਤ ਅਤੇ ਸੰਗਤ ਦਾ ਸਿਧਾਂਤ ਅਮਲੀ ਪੱਧਰ ਉਪਰ ਲਾਗੂ ਹੋ ਗਿਆ। ਪੰਗਤ ਅਤੇ ਸੰਗਤ ਸਮੇਂ ਕਿਸੇ ਨਾਲ ਵੀ ਕਿਸੇ ਕਿਸਮ ਦਾ ਕੋਈ ਵੀ ਵਿਤਕਰਾ ਨਹੀਂ ਕੀਤਾ ਜਾਂਦਾ। ਗੁਰੂ ਘਰ ਵਿਚ ਸਭ ਬਰਾਬਰ ਹਨ। ਹਰੇਕ ਨਾਲ ਪ੍ਰੇਮ-ਪਿਆਰ ਕਰਨਾ ਹੀ ਗੁਰਮਤਿ ਦੇ ਮੁੱਖ ਉਪਦੇਸ਼ ਅਤੇ ਸਿਧਾਂਤ ਹਨ।

***

3. ਭਾਈ ਪ੍ਰੇਮਾ ਜੀ

ਸਦੀਆਂ ਤੋਂ ਲਤਾੜੇ ਜਾ ਰਹੇ ਬੰਦਿਆਂ ਦੇ ਅੰਦਰ ਮਨੁੱਖਤਾ ਦੀ ਰੁਚੀ ਪੈਦਾ ਕਰਨ ਲਈ ਗੁਰੂ ਸਾਹਿਬ ਨੇ ਇਹ ਮਰਯਾਦਾ ਬਣਾ ਦਿੱਤੀ ਸੀ ਕਿ ਜੋ ਆਦਮੀ ਕਿਸੇ ਤਰ੍ਹਾਂ ਦੇ ਨਿਜੀ ਅਹੰਕਾਰ ਦੇ ਕਾਰਨ ਪੰਗਤ ਵਿਚ ਬੈਠ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਤੋਂ ਸੰਕੋਚ ਕਰੇ, ਉਸ ਨੂੰ ਸਤਿਸੰਗਤ ਵਿਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਿਨ੍ਹਾਂ ਨੂੰ ਰੱਬ ਦੇ ਬੰਦਿਆਂ ਤੋਂ ਨਫ਼ਰਤ ਹੋਵੇ, ਉਨ੍ਹਾਂ ਸਤਿਸੰਗਤ ਵਿਚੋਂ ਕੀ ਖੱਟਣਾ ਹੋਇਆ? ਗੁਰੂ

ਅਮਰਦਾਸ ਜੀ ਵਾਸਤੇ ਇਹ ਗੱਲ ਬੜੀ ਅਸਹਿ ਸੀ ਕਿ ਧਰਮ ਦੀ ਓਟ ਲੈ ਕੇ ਕਮਜ਼ੋਰਾਂ ਨੂੰ ਸ਼ੂਦਰ ਆਖ ਕੇ ਉਹਨਾਂ ਦੀ ਆਰਥਕ ਅਤੇ ਸਮਾਜਕ ਹਾਲਤ ਦਾ ਮਜ਼ਾਕ ਉਡਾਇਆ ਜਾਵੇ ਅਤੇ ਉਹਨਾਂ ਨੂੰ ਬੇਇੱਜ਼ਤ ਕੀਤਾ ਜਾਏ।

ਸਤਿਗੁਰੂ ਇਤਨੇ ਕੋਮਲ ਹਿਰਦੇ ਵਾਲੇ ਸਨ ਕਿ ਸ਼ੂਦਰ ਤਾਂ ਕਿਤੇ ਰਹੇ, ਉਹ ਕਿਸੇ ਐਸੇ ਗਏ-ਗੁਜ਼ਰੇ ਮਨੁੱਖ ਤੋਂ ਭੀ ਨਫ਼ਰਤ ਨਹੀਂ ਸਨ ਕਰਦੇ, ਜਿਸ ਨੇ ਵਿਕਾਰਾਂ ਵਿਚ ਫਸ ਕੇ ਆਪਣਾ ਸਰੀਰ ਭੀ ਮਹਾਂ ਰੋਗੀ ਕਰ ਲਿਆ ਹੋਵੇ। ਉਹਨਾਂ ਦੇ ਜੀਵਨ ਵਿਚ ਸਾਖੀ ਆਉਂਦੀ ਹੈ-ਇਕ ਧਨਾਢ ਖੱਤ੍ਰੀ ਦਾ ਇਕੋ ਇਕ ਪੁੱਤਰ ਸੀ, ਜਿਸ ਦਾ ਨਾਮ ਪ੍ਰੇਮਾ ਸੀ। ਪ੍ਰੇਮਾ ਅਜੇ ਅੱਲੜ ਹੀ ਸੀ ਕਿ ਪਿਤਾ ਜੀ ਦੀ ਮੌਤ ਹੋ ਗਈ। ਉਹ ਲਾਹੌਰ ਦਾ ਵਾਸੀ ਸੀ। ਮੰਦੇ ਭਾਗਾਂ ਨੂੰ ਉਹ ਖੋਟੇ ਵਹਿਣੇ ਵਹਿ ਗਿਆ। ਵਿਸ਼ੇ ਵਿਕਾਰਾਂ ਅਤੇ ਮਾੜੀ ਸੰਗਤ ਕਰਕੇ ਸਾਰਾ ਸਰੀਰ ਭੀ ਗਲ ਗਿਆ, ਪ੍ਰੇਮਾ ਆਖਰ ਕੋੜ੍ਹ ਦੇ ਰੋਗ ਦਾ ਸ਼ਿਕਾਰ ਹੋ ਗਿਆ। ਇਹ ਰੋਗ ਇਤਨਾ ਚੰਦਰਾ ਹੈ ਕਿ ਇਸ ਦੀ ਲਾਗ ਤੋਂ ਡਰਦਿਆਂ ਲੋਕ ਕੋੜ੍ਹ ਦੇ ਰੋਗੀ ਨੂੰ ਵਸੋਂ ਦੇ ਨੇੜੇ ਹੀ ਨਹੀਂ ਰਹਿਣ ਦੇਂਦੇ। ਮਾੜੀ ਸੰਗਤ ਰੱਖਣ ਵਾਲੇ ਬੰਦੇ ਉਤਨਾ ਚਿਰ ਯਾਰ ਹੁੰਦੇ ਹਨ ਜਦ ਤਕ ਖਾਣ-ਪੀਣ ਦੀਆਂ ਮੌਜਾਂ ਬਣੀਆਂ ਰਹਿਣ। ਪ੍ਰੇਮਾ ਬਹੁਤ ਹੀ ਬੇ-ਸਹਾਰਾ ਹੋ ਗਿਆ। ਆਖਰ ਸਬੱਬ ਲੱਗਣ ਤੇ ਇਹ ਗੋਇੰਦਵਾਲ ਆ ਅਪੜਿਆ। ਪ੍ਰੇਮਾ ਪਿਛਲੀਆਂ ਮੰਦ ਕਰਤੂਤਾਂ ਤੋਂ ਬੜਾ ਪਛਤਾਉਂਦਾ ਸੀ। ਗੁਰੂ ਅਮਰਦਾਸ ਜੀ ਦਾ ਹਿਰਦਾ ਪੰਘਰ ਗਿਆ। ਗੁਰੂ ਅਮਰਦਾਸ ਜੀ ਨੇ ਵੈਦ ਭਾਈ ਲਾਲੂ ਜੀ ਰਾਹੀਂ ਪ੍ਰੇਮਾ ਜੀ ਦਾ ਆਪਣੇ ਦਵਾਖਾਨੇ ਵਿਚ ਇਲਾਜ ਕਰਵਾਇਆ ਅਤੇ ਉਸ ਦਾ ਸਰੀਰ ਨਰੋਆ ਹੋ ਗਿਆ ਅਤੇ ਉਸ ਨੂੰ ਅਗਾਂਹ ਲਈ ਕੁਰਾਹੇ ਪੈਣ ਤੋਂ ਬਚਾਉਣ ਲਈ ਇਕ ਚੰਗਾ ਗ੍ਰਿਹਸਤੀ ਬਨਾਣ ਦੀ ਸੋਚ ਸੋਚੀ, ਪਰ ਜਿਸ ਗੱਭਰੂ ਦਾ ਪਿਛਲਾ ਜੀਵਨ ਇਤਨਾ ਕੁਕਰਮੀ ਰਹਿ ਚੁੱਕਿਆ ਹੋਵੇ ਉਸ ਉੱਤੇ ਇਤਬਾਰ ਕੌਣ ਕਰੇ ਅਤੇ ਉਸ ਨੂੰ ਧੀ ਕੌਣ ਦੇਵੇ? ਇਕ ਸਿੱਖ ਗੁਰ-ਆਗਿਆ ਅਨੁਸਾਰ ਪ੍ਰੇਮੇ ਨਾਲ ਆਪਣੀ ਲੜਕੀ ਦਾ ਵਿਆਹ ਕਰਨ ਨੂੰ ਤਿਆਰ ਹੋਇਆ, ਪਰ ਉਸਦੀ ਵਹੁਟੀ ਨਾ ਮੰਨੇ । ਗੁਰੂ ਅਮਰਦਾਸ ਜੀ ਪਾਸ ਆ ਕੇ ਉਹ ਆਖਣ ਲੱਗੀ ਕਿ ਆਪਣੇ ਜਿਗਰ ਦਾ ਟੋਟਾ (ਆਪਣੀ ਬੱਚੀ) ਉਸੇ ਦੇ ਹੀ ਲੜ ਲਾ ਸਕਦੀ ਹੈ, ਜਿਸ ਦੇ ਖਾਨਦਾਨ ਦੀ ਕੁਝ ਸੂਝ-ਬੂਝ ਹੋਵੇ। ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਪ੍ਰੇਮਾ ਸਾਡਾ ਪੁੱਤਰ ਹੈ, ਬੱਸ! ਇਹੀ ਇਸ ਦਾ ਖਾਨਦਾਨ ਹੈ। ਮਨੁੱਖਤਾ ਦੀ ਇਹ ਇਕ ਬੇਮਿਸਾਲ ਕਦਰ ਸੀ। ਪ੍ਰੇਮੇ ਦਾ ਅਨੰਦ ਕਾਰਜ ਸਿੱਖ ਰਹੁ-ਰੀਤ ਅਨੁਸਾਰ ਹੋਇਆ। ਸਤਿਗੁਰੂ ਦੀ ਮੇਹਰ ਨਾਲ ਉਸ ਦਾ ਜੀਵਨ ਇਤਨਾ ਬਦਲਿਆ ਕਿ ਇਸ ਨਵੇਂ ਜੋੜੇ ਨੂੰ ਸਮੇਂ ਸਿਰ ਸਿੱਖ-ਧਰਮ ਦਾ ਪ੍ਰਚਾਰਕ ਬਣਾਇਆ ਗਿਆ ਅਤੇ ਗੁਰੂ ਅਮਰਦਾਸ ਜੀ ਦੇ ਵੇਲੇ ਦੇ ਸਿੱਖ ਇਤਿਹਾਸ ਵਿਚ ਮੱਥੋ-ਮੁਰਾਰੀ ਨਾਮ ਬਹੁਤ ਪ੍ਰਸਿਧ ਹੋਇਆ। ਮੱਥੋ ਉਸ ਲੜਕੀ ਦਾ ਨਾਮ ਸੀ, ਜੋ ਪ੍ਰੇਮੇ ਨਾਲ ਵਿਆਹੀ ਗਈ ਅਤੇ ਪ੍ਰੇਮੇ ਦਾ ਨਾਮ ਭਾਈ ਮੁਰਾਰੀ ਪ੍ਰਸਿੱਧ ਹੋਇਆ।

ਬੀਬੀ ਮੱਥੋ ਤੇ ਮੁਰਾਰੀ ਜੀ ਦੀ ਸਾਖੀ ਸਿੱਖ ਮੱਤ ਦੇ ਕਈ ਨੁਕਤਿਆਂ ਨੂੰ ਰੌਸ਼ਨ ਕਰਦੀ ਹੈ। ਵੱਡੇ ਤੋਂ ਵੱਡਾ ਮੰਦ-ਕਰਮੀ ਭੀ ਸਿੱਖੀ ਵਿਚ ਆ ਕੇ ਨੇਕ ਤੇ ਉੱਚੇ ਜੀਵਨ ਦਾ

ਧਾਰਨੀ ਬਣ ਸਕਦਾ ਹੈ। ਅਨੰਦ ਕਾਰਜ ਜਾਂ ਰਿਸ਼ਤੇ-ਨਾਤਿਆਂ ਲਈ ਜ਼ਾਤ-ਪਾਤ, ਖਾਨਦਾਨ ਤੇ ਮਾਇਆ ਆਦਿਕ ਦੇ ਆਧਾਰ ਚੰਗੇ ਨਹੀਂ, ਇਹਨਾਂ ਦੀ ਥਾਵੇਂ ਲੜਕੇ ਦੇ ਗੁਣ, ਸੁਭਾਅ, ਆਚਰਨ, ਸਿਹਤ, ਉਮਰ, ਸਭਿਆਚਾਰ ਆਦਿਕ ਦਾ ਮੇਲ ਵਾਚਣਾ-ਪਰਖਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਸਾਖੀ ਚੰਗੇ ਇਨਸਾਨ ਬਣਨ ਅਤੇ ਗੁਰੂ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ।

***

4. ਲਾਲਚੀ ਹਰੀ ਰਾਮ ਤਪਾ

ਗੁਰੂ ਘਰ ਵੱਲੋਂ ਜਾਤ-ਪਾਤ ਦੇ ਸਿਧਾਂਤ ਨੂੰ ਬਿਲਕੁਲ ਹੀ ਰੱਦ ਕਰਕੇ ਹਰ ਤਰ੍ਹਾਂ ਦੀ ਬਰਾਬਰੀ ਦਾ ਪਾਠ ਮਨੁੱਖਤਾ ਨੂੰ ਪੜ੍ਹਾਉਣ ਲਈ ਗੋਇੰਦਵਾਲ ਵਿਚ ਬਾਉਲੀ ਦੀ ਉਸਾਰੀ ਦਾ ਕੰਮ ਪੂਰਾ ਹੋ ਗਿਆ ਤਾਂ ਗੁਰੂ ਸਾਹਿਬ ਜੀ ਨੇ ਇਕ ਭਾਰੀ ਸਮਾਗਮ ਕਰਨ ਦਾ ਫੈਸਲਾ ਕੀਤਾ। ਲੰਗਰ ਰਾਹੀਂ ਖਾਣ ਦੀ ਬਰਾਬਰੀ ਅਤੇ ਸਾਂਝੀ ਬਾਉਲੀ ਰਾਹੀਂ ਜਾਤੀ ਆਧਾਰ ਤੇ ਵੱਖਰੇ ਖੂਹਾਂ-ਤਲਾਬਾਂ ਨੂੰ ਰੱਦ ਕਰ ਦਿੱਤਾ। ਗੁਰੂ ਘਰ ਦੇ ਸ਼ਰਧਾਲੂ ਇਸ ਸਮੇਂ ਬਹੁਤ ਖ਼ੁਸ਼ੀ ਅਤੇ ਉਤਸ਼ਾਹ ਵਿਚ ਸਨ। ਇਸ ਮੌਕੇ ਤੇ ਗੁਰੂ ਅਮਰਦਾਸ ਸਾਹਿਬ ਨੇ ਜਾਤ-ਪਾਤ ਦੇ ਹੰਕਾਰ ਨੂੰ ਖੋਖਲਾ ਸਾਬਤ ਕਰਨ ਲਈ ਇਕ ਹੋਰ ਕੌਤਕ ਰਚਿਆ।

ਭੋਲੇ-ਭਾਲੇ ਲੋਕਾਂ ਨੂੰ ਜਾਤ-ਪਾਤ ਵਿਚੋਂ ਕੱਢਣ ਲਈ ਅਤੇ ਜਾਤ ਹੰਕਾਰੀਆਂ ਦੇ ਹੰਕਾਰ ਨੂੰ ਕੱਢਣ ਲਈ ਗੁਰੂ ਸਾਹਿਬ ਜੀ ਨੇ ਐਲਾਨ ਕੀਤਾ ਕਿ ਜੋ ਵੀ ਉੱਚ ਜ਼ਾਤ ਦਾ ਹੰਕਾਰ ਛੱਡ ਕੇ ਗੁਰੂ ਕੇ ਲੰਗਰ-ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇਗਾ ਉਸਨੂੰ ਇਕ ਰੁਪਇਆ ਦਿਤਾ ਜਾਵੇਗਾ। ਕਈ ਲੋਕਾਂ ਨੇ ਇੱਕ ਰੁਪਏ ਦੇ ਲਾਲਚ ਵੱਸ ਆਪਣਾ ਜਾਤ-ਹੰਕਾਰ ਛੱਡ ਦਿਤਾ। ਗੁਰੂ ਸਾਹਿਬ ਜੀ ਨੇ ਇੱਕ ਰੁਪਏ ਤੋਂ ਵਧਾ ਕੇ ਪੰਜ ਰੁਪਏ ਕਰ ਦਿੱਤੇ। ਵੱਡੇ-ਵੱਡੇ ਜਾਤ ਅਭਿਮਾਨੀ ਵੀ ਪੰਜ ਰੁਪਏ ਦੀ ਪ੍ਰਾਪਤੀ ਲਈ ਆਪਣਾ ਜਾਤ ਹੰਕਾਰ ਛੱਡ ਗਏ। ਉਸ ਵੇਲੇ ਦੇ ਪੰਜ ਰੁਪਏ ਅੱਜ ਦੀ ਵੱਡੀ ਰਕਮ ਬਣ ਜਾਂਦੀ ਹੈ। ਫਿਰ ਵੀ ਕਈ ਬਹੁਤ ਹੀ ਹੰਕਾਰੀ ਕਿਸਮ ਦੇ ਬੰਦੇ ਅਜੇ ਵੀ ਰਹਿ ਗਏ ਤਾਂ ਗੁਰੂ ਸਾਹਿਬ ਜੀ ਨੇ ਪੰਜ ਰੁਪਏ ਤੋਂ ਵਧਾ ਕੇ ਇਕ ਮੋਹਰ ਦੇਣੀ ਸ਼ੁਰੂ ਕਰ ਦਿੱਤੀ। ਪੰਗਤ ਵਿਚ ਬੈਠ ਕੇ ਲੰਗਰ ਛਕਣ ਬਦਲੇ ਮੋਹਰ ਮਿਲਦੀ ਸੁਣ ਕੇ ਤਾਂ ਅਤਿ ਹੰਕਾਰੀ ਮਨੁੱਖ ਵੀ ਸਾਂਝੀ ਪੰਗਤ ਵਿਚ ਆ ਬੈਠੇ।

ਗੋਇੰਦਵਾਲ ਵਿਚ ਹੀ ਇਕ ਹਰੀ ਰਾਮ ਨਾਂ ਦਾ ਤਪਾ ਰਹਿੰਦਾ ਸੀ। ਉਂਝ ਘਰਬਾਰੀ ਅਤੇ ਬਾਲ-ਬੱਚੇਦਾਰ ਸੀ ਪਰ ਆਪਣੇ ਆਪ ਨੂੰ ਜੋਗ ਮਤ ਦਾ ਧਾਰਨੀ ਦੱਸਦਾ ਸੀ। ਜਦਕਿ ਗ੍ਰਿਹਸਤੀ ਲਈ ਜੋਗ ਮਤ ਵਿਚ ਕੋਈ ਥਾਂ ਹੀ ਨਹੀਂ। ਬੱਸ ਪਿੰਡੇ ਤੇ ਸੁਆਹ ਅਤੇ ਪਾਖੰਡ ਹੀ ਉਸਦਾ ਜੋਗ ਸੀ। ਉਸਨੇ ਇਕ ਰੁਪਏ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ। ਪੰਜ ਰੁਪਇਆਂ ਨੇ ਕੁੱਝ ਪ੍ਰੇਸ਼ਾਨ ਕੀਤਾ ਪਰ 'ਮੋਹਰ' ਨੇ ਤਾਂ ਉਸਦੀ ਲਾਲਚੀ ਬਿਰਤੀ ਨੂੰ ਚੰਗੀ ਤਰ੍ਹਾਂ ਡੰਗਿਆ। ਦਿਲ ਕਰੇ ਕਿ ਇਕ ਵਾਰੀ ਲੰਗਰ ਛਕ ਕੇ ਮੋਹਰ ਹਾਸਲ ਕਰ ਲਈ ਜਾਵੇ ਪਰ ਜਾਤ ਹੰਕਾਰ ਪ੍ਰਵਾਨਗੀ ਨਾ ਦੇਵੇ, ਨਾਲੇ ਉਸ ਦੀਆਂ ਆਪਣੀਆਂ ਕਹੀਆਂ

ਬਹੁਤ ਸਾਰੀਆਂ ਗੱਲਾਂ ਅਤੇ ਗੁਰੂ ਸਾਹਿਬ ਦੇ ਲੰਗਰ ਪੰਗਤ ਦੇ ਸਿਧਾਂਤ ਵਿਰੁਧ ਕੀਤਾ ਪ੍ਰਚਾਰ ਅੱਗੇ ਆ ਜਾਂਦਾ। ਸ਼ਰਮ ਦਾ ਮਾਰਿਆ ਆਪ ਤਾਂ ਨਹੀਂ ਸੀ ਜਾ ਸਕਦਾ ਪਰ ਮੋਹਰ ਦਾ ਲਾਲਚ ਵੀ ਛੱਡਿਆ ਨਹੀਂ ਸੀ ਜਾ ਰਿਹਾ। ਉਸਨੇ ਆਪਣੇ ਛੋਟੇ ਪੁੱਤਰ ਨੂੰ ਲੰਗਰ ਦੀ ਕੰਧ ਟਪਾ ਕੇ ਮੋਹਰ ਲੈਣ ਲਈ ਭੇਜ ਦਿਤਾ, ਬੱਚਾ ਲੰਗਰ ਦੀ ਕੰਧ ਟੱਪਦਿਆਂ ਹੀ ਡਿੱਗਿਆ ਤੇ ਸੱਟ ਲੱਗ ਗਈ। ਸੱਟ ਲੱਗਣ ਤੇ ਉਸਨੇ ਸਾਰੀ ਸੰਗਤ ਸਾਹਮਣੇ ਰੋਂਦਿਆਂ ਹੋਇਆਂ ਦੱਸ ਦਿੱਤਾ ਕਿ ਉਸਨੂੰ ਉਸਦੇ ਪਿਤਾ ਨੇ ਮੋਹਰ ਦੇ ਲਾਲਚ ਵਿਚ ਕੰਧ ਟਪਾਈ ਹੈ। ਸੰਗਤਾਂ ਵਿਚ ਬਹੁਤ ਹਾਸਾ ਪਿਆ। ਬੱਚੇ ਨੂੰ ਲੰਗਰ ਛਕਾ ਕੇ ਮੋਹਰ ਤਾਂ ਦੇ ਦਿੱਤੀ ਗਈ ਪਰ ਇਸ ਘਟਨਾ ਦਾ ਪਤਾ ਸਾਰੇ ਸ਼ਹਿਰ ਨੂੰ ਲੱਗ ਗਿਆ। ਸਾਰੇ ਲੋਕ ਤਪੇ ਦੀ ਲਾਲਚੀ ਬਿਰਤੀ ਨੂੰ ਸਮਝ ਕੇ ਬਹੁਤ ਹੱਸੇ ਅਤੇ ਸਮਝ ਗਏ ਕਿ ਜਾਤ-ਪਾਤ ਦਾ ਕੋਈ ਅਸੂਲ ਨਹੀਂ ਅਤੇ ਲਾਲਚਾਂ ਅੱਗੇ ਤਾਂ ਇਹ ਆਰਾਮ ਨਾਲ ਛੱਡਿਆ ਜਾ ਸਕਦਾ ਹੈ। ਗੁਰੂ ਰਾਮਦਾਸ ਸਾਹਿਬ ਜੀ ਨੇ ਜਦ ਗੁਰਆਈ ਸੰਭਾਲੀ ਤਾਂ ਇਸ ਇਤਿਹਾਸਕ ਘਟਨਾ ਨੂੰ ਹੇਠ ਲਿਖੇ ਸ਼ਬਦ ਰਾਹੀਂ ਬਿਆਨ ਕੀਤਾ:

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥

ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ, ਪਿਛੋ ਦੇ ਪਛੁਤਾਇ ਕੈ ਆਣਿ ਤਪੈ,

ਪੁਤੁ ਵਿਚਿ ਬਹਾਲਿਆ॥ ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ, ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥

ਭਾਈ ਏਹੁ ਤਪਾ ਨ ਹੋਵੀ, ਬਗੁਲਾ ਹੈ, ਬਹਿ ਸਾਧ ਜਨਾ ਵੀਚਾਰਿਆ ॥ ...

...ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ, ਏਹੁ ਸਤਿਗੁਰਿ ਹੈ ਫਿਟਕਾਰਿਆ ॥

ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ॥ ਸੋ ਬੂਝੈ ਜੁ ਦਯਿ ਸਵਾਰਿਆ॥

(ਗਉੜੀ ਕੀ ਵਾਰ, ਮ:4, ਪੰਨਾ-315)

ਭਾਵ:- ਲੋਭੀ ਮਨੁੱਖ ਮਾਇਆ ਦੇ ਲਾਲਚ ਵਿਚ ਭਟਕਦਾ ਫਿਰੇ ਉਹ ਤਪਾ ਨਹੀਂ ਹੋ ਸਕਦਾ। ਪਹਿਲਾਂ ਤਪਾ ਇੱਜ਼ਤ ਨਾਲ ਮਿਲੀ ਭੇਟਾ ਲੈਣ ਲਈ ਤਿਆਰ ਨਹੀਂ ਪਰ ਪਿਛੋਂ ਲਾਲਚ ਵੱਸ ਆਪਣੇ ਪੁੱਤਰ ਨੂੰ ਲੰਗਰ ਛਕਣ ਲਈ ਭੇਜ ਦਿੱਤਾ। ਜਦੋਂ ਤਪੇ ਦੀ ਲਾਲਚੀ ਬਿਰਤੀ ਲੋਕਾਂ ਸਾਹਮਣੇ ਉਜਾਗਰ ਹੋਈ ਤਾਂ ਗੋਇੰਦਵਾਲ ਦੇ ਮੁਖੀ ਲੋਕੀ ਹੱਸਣ ਲੱਗ ਪਏ ਕਿ ਇਹ ਤਪਾ ਤਾਂ ਲੋਭ ਦੀਆਂ ਲਹਿਰਾਂ ਵਿਚ ਗਲ਼ਿਆ ਪਿਆ ਹੈ। ਜਿੱਥੇ ਥੋੜੀ ਭੇਟਾ ਮਿਲਦੀ ਹੈ ਤਪਾ ਓਧਰ ਨੂੰ ਨਹੀਂ ਜਾਂਦਾ ਪਰ ਵੱਡੀ ਭੇਟਾ ਜਾਂ ਬਹੁਤੀ ਰਕਮ ਦੇ ਲਾਲਚ ਵਿਚ ਆ ਕੇ ਇਹ ਆਪਣਾ ਜ਼ਾਤ-ਪਾਤ ਅਤੇ ਛੂਤ-ਛਾਤ ਵਾਲਾ ਭਰਮੀ ਅਸੂਲ ਤਿਆਗ

ਬੈਠਾ ਹੈ। ਲੋਕਾਂ ਨੇ ਵੀਚਾਰਿਆ ਕਿ ਇਹ ਤਪਾ ਧਰਮੀ ਨਹੀਂ, ਪਖੰਡੀ ਬਗਲਾ ਹੈ ਕਿਉਂਕਿ ਲਾਲਚੀ ਬਿਰਤੀ ਕਾਰਨ ਭਲੇ ਪੁਰਖਾਂ ਦੀ ਨਿੰਦਾ ਤੇ ਮਾਇਆਧਾਰੀਆਂ ਦੀ ਉਸਤਿਤ ਕਰਦਾ ਹੈ, ਇਸੇ ਦੋਸ਼ ਕਾਰਨ ਪਰਮਾਤਮਾ ਨੇ ਇਸਨੂੰ ਆਤਮਿਕ ਜੀਵਨ ਵੱਲੋਂ ਮਾਰ ਰੱਖਿਆ ਹੈ। ਮਹਾਂਪੁਰਖਾਂ ਦੀ ਨਿੰਦਾ ਕਰਨ ਦਾ ਫਲ ਇਸਨੂੰ ਇਹ ਮਿਲਿਆ ਹੈ। ਇਹ ਲੋਕਾਂ ਵਿਚ ਆਪਣੇ ਆਪ ਨੂੰ ਤਪਾ ਕਹਾਉਂਦਾ, ਅੰਦਰਖਾਤੇ ਖੋਟੇ ਕਰਮ ਕਰਦਾ ਹੈ। ਵਾਹਿਗੁਰੂ ਨੇ ਇਹਦਾ ਪਾਜ ਉਧੇੜ ਦਿੱਤਾ ਹੈ। ਪ੍ਰਭੂ ਨਿਆਂ ਅਨੁਸਾਰ ਪਾਖੰਡੀ ਵੱਡੇ ਹਤਿਆਰੇ ਹਨ। ਸਿਆਣੇ ਪੁਰਖਾਂ ਨੇ ਕਿਹਾ ਕਿ ਪਾਖੰਡੀ ਤਪੇ ਦੇ ਮੂੰਹ ਕੋਈ ਨਾ ਲੱਗੇ, ਕਿਉਂਕਿ ਸਤਿਗੁਰੂ ਵੱਲੋਂ ਫਿਟਕਾਰਿਆ ਗਿਆ ਹੈ।

ਇਸ ਇਤਿਹਾਸਕ ਘਟਨਾ ਨਾਲ ਅਨਮਤੀਆਂ ਦੇ ਗ਼ਲਤ ਅਸੂਲ ਤੇ ਲੋਭੀ ਬਿਰਤੀ ਪ੍ਰਗਟ ਹੋਈ।

***

5. ਬੀਬੀ ਭਾਨੀ ਜੀ

ਗੁਰੂ ਘਰ ਨਾਲ ਸੰਬੰਧਿਤ ਸਾਰੀਆਂ ਔਰਤ ਸ਼ਖਸੀਅਤਾਂ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਮਾਤਾ ਤ੍ਰਿਪਤਾ ਜੀ ਤੋਂ ਲੈ ਕੇ ਮਾਤਾ ਸਾਹਿਬ ਕੌਰ ਜੀ ਤੱਕ ਸਿੱਖ ਧਰਮ ਕਈ ਤਰ੍ਹਾਂ ਦੇ ਔਖੇ-ਸੌਖੇ ਰਸਤਿਆਂ ਵਿਚੋਂ ਲੰਘਿਆ, ਪਰ ਫਿਰ ਵੀ ਕਦੀ ਮਾਂ ਬਣ ਕੇ, ਕਦੀ ਭੈਣ ਬਣ ਕੇ, ਕਦੀ ਪਤਨੀ ਬਣ ਕੇ ਅਤੇ ਕਦੀ ਬੇਟੀ ਦੇ ਰੂਪ ਵਿਚ ਇਹ ਗੁਰੂ ਸੁਆਰੀਆਂ ਸ਼ਖਸੀਅਤਾਂ ਗੁਰੂ ਸਾਹਿਬਾਨ ਦੇ ਫੈਸਲਿਆਂ ਨੂੰ ਦ੍ਰਿੜ੍ਹਤਾ ਨਾਲ ਅਮਲੀ ਜਾਮਾ ਪਹਿਨਾਉਂਦੀਆਂ ਰਹੀਆਂ। ਪਰ ਸਪੁੱਤਰੀ, ਸੁਪਤਨੀ ਅਤੇ ਮਾਂ ਦੇ ਰੂਪ ਵਿਚ ਜੋ ਰੋਲ ਬੀਬੀ ਭਾਨੀ ਜੀ ਨੇ ਗੁਰੂ ਘਰ ਦੀ ਨੀਂਹ ਪੱਕੀ ਕਰਨ ਲਈ ਨਿਭਾਇਆ ਹੈ, ਉਹ ਆਪਣੀ ਮਿਸਾਲ ਆਪ ਹੀ ਹੈ।

ਬੀਬੀ ਭਾਨੀ ਗੁਰੂ ਘਰ ਦੀ ਉਹ ਇਤਿਹਾਸਕ ਮੂਰਤ ਹਨ, ਜੋ ਸਦਾ ਹੀ ਭਾਣੇ ਵਿਚ ਰਾਜ਼ੀ ਰਹਿੰਦੇ ਸਨ। ਭਾਣੇ ਤੋਂ ਭਾਵ ਜੋ ਅਸੀਂ ਸੰਸਾਰੀ ਲੋਕ ਆਮ ਤੌਰ ਤੇ ਦੁੱਖਦਾਇਕ ਘਟਨਾ ਤੋਂ ਲੈਂਦੇ ਹਾਂ, ਐਸਾ ਗ਼ਲਤ ਹੈ। ਸਿੱਖ ਸਾਹਿਤ ਵਿਚ ਭਾਣਾ, ਰਜ਼ਾ, ਹੁਕਮ ਦਾ ਭਾਵ ਗੁਰੂ ਹੁਕਮਾਂ ਅਨੁਸਾਰ ਜੀਵਨ ਬਿਤਾਉਣਾ ਹੈ। ਗੁਰੂ ਦੇ ਸੇਵਕ ਭਾਣੇ ਵਿਚ ਰਹਿ ਕੇ ਸੁੱਖ ਤੇ ਦੁੱਖ ਦੋਵਾਂ ਨੂੰ ਬਰਾਬਰ ਕਰਕੇ ਮੰਨਦੇ ਹਨ। ਉਹ ਨਾ ਤਾਂ ਖੁਸ਼ੀ ਵਿਚ ਆਪੇ ਤੋਂ ਬਾਹਰ ਹੁੰਦੇ ਹਨ ਅਤੇ ਨਾ ਹੀ ਦੁੱਖ ਵਿਚ ਵੈਣ ਪਾਉਣੇ ਸ਼ੁਰੂ ਕਰ ਦਿੰਦੇ ਹਨ। ਬੀਬੀ ਭਾਨੀ ਜੀ ਦਾ ਸਾਰੇ ਦਾ ਸਾਰਾ ਜੀਵਨ ਭਾਣੇ ਵਿਚ ਰਹਿਣ ਦੀ ਮਿਸਾਲ ਆਪ ਹੈ। ਗੁਰੂ ਘਰ ਦੀ ਸੇਵਾ ਕਰਦਿਆਂ ਗੁਰੂ ਪੁੱਤਰੀ, ਗੁਰੂ ਪਤਨੀ ਅਤੇ ਗੁਰੂ ਮਾਤਾ ਹੋਣ ਦੇ ਨਾਤੇ ਜਿਥੇ ਅਸੀਮ ਸੁੱਖ ਮਾਣੇ ਅਤੇ ਤ੍ਰਿਪਤੀ ਮਿਲੀ, ਉਥੇ ਗੁਰੂ ਪੁੱਤਰਾਂ ਦੀ ਆਪਸੀ ਫੁੱਟ ਵਰਗਾ ਅਕਹਿ ਦੁੱਖ ਵੀ ਦੇਖਣਾ ਪਿਆ, ਪਰ ਆਪ ਹਰ ਹਾਲਤ ਵਿਚ ਚਟਾਨ ਦੀ ਤਰ੍ਹਾਂ ਅਡੋਲ ਰਹਿ ਕੇ ਨਾਮ ਸਿਮਰਨ ਦੀ ਕਮਾਈ ਕਰਦੇ ਨਜ਼ਰ ਆਉਂਦੇ ਹਨ। ਬੀਬੀ ਭਾਨੀ ਜੀ ਨੂੰ ਜੋ ਮਾਣ ਇਤਿਹਾਸ ਵਿਚ ਪ੍ਰਾਪਤ ਹੈ ਉਹ ਨਿਰਾ ਗੁਰੂ ਸਪੁੱਤਰੀ, ਗੁਰੂ ਪਤਨੀ ਅਤੇ ਗੁਰੂ ਮਾਂ ਕਰਕੇ

ਨਹੀਂ ਸਗੋਂ ਇਸ ਕਾਰਣ ਹੈ ਕਿ ਉਹ ਸੱਚੀ-ਸੁੱਚੀ ਔਰਤ ਸਨ, ਜਿਸ ਕਾਰਣ ਸਤਿਕਾਰ ਵਜੋਂ ਹਰ ਮਸਤਕ ਝੁੱਕ ਜਾਂਦਾ ਹੈ।

ਬੀਬੀ ਭਾਨੀ ਜੀ ਦਾ ਜਨਮ 19 ਜਨਵਰੀ 1535 ਨੂੰ ਬਾਸਰਕੇ ਵਿਖੇ ਹੋਇਆ। ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਸਭ ਤੋਂ ਛੋਟੀ ਸੰਤਾਨ ਸਨ। ਆਪ ਜੀ ਦੀ ਵੱਡੀ ਭੈਣ ਬੀਬੀ ਦਾਨੀ ਜੀ ਅਤੇ ਦੋ ਵੀਰ ਬਾਬਾ ਮੋਹਣ ਜੀ ਅਤੇ ਬਾਬਾ ਮੋਹਰੀ ਜੀ ਸਨ। ਪਰ ਬੀਬੀ ਭਾਨੀ ਜੀ ਦਾ ਸੁਭਾਅ ਬਿਲਕੁਲ ਅਲੱਗ ਸੀ। ਉਨ੍ਹਾਂ ਨੂੰ ਲੱਭਣਾ ਹੋਵੇ ਤਾਂ ਜਾਂ ਤਾਂ ਆਪ ਗੁਰੂ-ਪਿਤਾ ਦੀ ਸੇਵਾ ਵਿਚ ਹੁੰਦੇ ਅਤੇ ਜਾਂ ਫਿਰ ਲੰਗਰ ਦੀ ਸੇਵਾ ਵਿਚ। ਹਰ ਕੰਮ ਪਿਤਾ ਦੀ ਆਗਿਆ ਵਿਚ ਕਰਦੇ। ਖੇਡਣ ਲਈ ਵੀ ਜਾਂਦੇ ਤਾਂ ਗੁਰੂ ਅਮਰਦਾਸ ਜੀ ਕੋਲੋਂ ਪੁੱਛ ਕੇ। ਜੋ ਗੁਰੂ ਜੀ ਆਖਦੇ ਸਾਰੀਆਂ ਸਹੇਲੀਆਂ ਨੂੰ ਜਾ ਸੁਣਾਉਂਦੇ। ਆਪ ਜੀ ਆਪਣੀਆਂ ਸਹੇਲੀਆਂ ਨੂੰ ਆਖਦੇ ਕਿ ਹੱਸਣਾ ਖੇਡਣਾ ਕੋਈ ਬੁਰੀ ਗੱਲ ਨਹੀਂ ਪਰ ਇਤਨਾ ਵੀ ਨਹੀਂ ਖਚਿਤ ਹੋਣਾ ਚਾਹੀਦਾ ਕਿ ਪ੍ਰਭੂ ਭੁੱਲ ਜਾਵੇ।

ਆਪ ਜੀ ਦੀ ਵੱਡੀ ਭੈਣ ਬੀਬੀ ਦਾਨੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ ਸੀ। ਬੀਬੀ ਭਾਨੀ ਜੀ ਜਦੋਂ ਵਿਆਹ ਯੋਗ ਹੋਏ ਤਾਂ ਗੁਰੂ ਅਮਰਦਾਸ ਜੀ ਨੇ ਆਪ ਜੀ ਦੀ ਗੁਰਮਤਿ ਪ੍ਰਤੀ ਸਮਰਪਿਤ ਭਾਵਨਾ ਨੂੰ ਦੇਖਦਿਆਂ ਆਪ ਜੀ ਲਈ ਵੀ ਗੁਰਸਿੱਖ ਵਰ ਚੁਣਨ ਨੂੰ ਹੀ ਪਹਿਲ ਦਿੱਤੀ। ਗੁਰੂ ਜੀ ਨੇ ਆਪਣੇ ਹੱਥੀਂ ਪਾਲੇ, ਘੜੇ, ਸਵਾਰੇ ਭਾਈ ਜੇਠਾ ਜੀ ਦੇ ਗੁਰਮੁਖ ਸੁਭਾਅ ਨੂੰ ਆਪਣੀ ਗੁਰਮੁਖ ਬੱਚੀ ਦੇ ਅਨੁਕੂਲ ਜਾਣਿਆ ਅਤੇ ਬਿਨਾਂ ਕਿਸੇ ਸੰਸਾਰਕ ਰੀਤ ਦੇ ਪ੍ਰਵਾਹ ਕੀਤਿਆਂ ਇਸ ਰਿਸ਼ਤੇ ਨੂੰ ਪ੍ਰਵਾਨ ਚੜ੍ਹਾਇਆ।

ਗੁਰੂ ਅਮਰਦਾਸ ਜੀ ਦੀ ਇਥੇ ਇਹ ਚੋਣ ਵੀ ਸਾਨੂੰ ਸੰਸਾਰੀਆਂ ਨੂੰ ਬਹੁਤ ਕੁਝ ਸਿਖਾ ਜਾਂਦੀ ਹੈ। ਹਾਲਾਂ ਕਿ ਗੁਰੂ ਪੁੱਤਰੀ ਹੋਣ ਦੇ ਨਾਤੇ ਬੀਬੀ ਭਾਨੀ ਜੀ ਨੂੰ ਸੰਸਾਰਕ ਤੌਰ ਤੇ ਚੰਗੇ ਤੋਂ ਚੰਗਾ ਅਤੇ ਅਮੀਰ ਤੋਂ ਅਮੀਰ ਰਿਸ਼ਤਾ ਵੀ ਮਿਲ ਸਕਦਾ ਸੀ। ਪਰ ਗੁਰੂ ਜੀ ਜਾਣਦੇ ਸਨ ਕਿ ਭਾਈ ਜੇਠਾ ਜੀ ਦੇ ਅਤੇ ਬੀਬੀ ਭਾਨੀ ਦੇ ਸੁਭਾਵਕ ਗੁਣਾਂ ਦਾ ਮੇਲ ਗੁਰੂ ਘਰ ਲਈ ਜ਼ਿਆਦਾ ਵੱਡੀ ਪ੍ਰਾਪਤੀ ਸੀ ਨਾ ਕਿ ਕੋਈ ਵੱਡਾ ਰਿਸ਼ਤਾ ਕਿਉਂਕਿ ਭਾਈ ਜੇਠਾ ਜੀ ਧਾਰਮਿਕ ਜੀਵਨ 'ਚ ਪ੍ਰਬੀਨ ਸਨ। ਉਹ ਗੁਰੂ ਘਰ ਦੀ ਸੇਵਾ 'ਚ ਦਿਨ ਰਾਤ ਰੁੱਝੇ ਹੋਏ ਸਨ। ਬੀਬੀ ਭਾਨੀ ਜੀ ਨਾਲ ਜੇਠਾ ਜੀ ਦਾ ਵਿਆਹ 18 ਫਰਵਰੀ 1554 ਨੂੰ ਹੋਇਆ।

ਚਾਹੇ ਦੋਵੇਂ ਜਵਾਈ ਹੀ ਗੁਰੂ ਘਰ ਵਿਚ ਅਟੁੱਟ ਸ਼ਰਧਾ ਰੱਖਦੇ ਸਨ, ਪਰ ਭਾਈ ਜੇਠਾ ਜੀ ਸਿਦਕ, ਹੁਕਮ-ਪਾਲਣ ਅਤੇ ਸੇਵਾ ਵਿਚ ਜੁਟੇ ਰਹਿਣ ਕਾਰਣ ਭਾਈ ਰਾਮਾ ਜੀ ਤੋਂ ਆਤਮਕ ਅਵਸਥਾ ਵਿਚ ਕਿਤੇ ਉੱਚੇ ਸਨ। ਜੇ ਭਾਈ ਜੇਠਾ ਜੀ ਸੰਗਤ ਦੀ ਸੇਵਾ ਵਿਚ ਜੁਟੇ ਰਹਿੰਦੇ ਤਾਂ ਬੀਬੀ ਭਾਨੀ ਜੀ ਪਿਤਾ ਜੀ ਨੂੰ ਪਰਮੇਸ਼ਰ ਰੂਪ ਜਾਣ ਕੇ ਸੇਵਾ ਕੀਤੀ। ਇਤਿਹਾਸਕ ਤੱਥ ਹੈ ਕਿ ਬੀਬੀ ਭਾਨੀ ਨੇ ਬੇਟੀ ਦੀ ਤਰ੍ਹਾਂ ਹੀ ਨਹੀਂ ਬਲਕਿ ਸਿੱਖ ਦੀ ਤਰ੍ਹਾਂ ਸੇਵਾ ਕੀਤੀ ਤੇ ਭਾਈ ਜੇਠਾ ਜੀ ਨੇ ਕਦੀ ਜਵਾਈਪੁਣਾ ਨਹੀਂ ਦਿਖਾਇਆ। ਸਦਾ ਸਿੱਖ ਹੀ ਬਣੇ ਰਹੇ। ਦੋਵੇਂ ਜੀ ਮਨ ਨੂੰ ਦ੍ਰਿੜ੍ਹ ਕਰਕੇ ਸਰੀਰ ਸੇਵਾ ਵਿਚ ਅਤੇ ਸੁਰਤਿ ਸਿਮਰਨ ਵਿਚ ਟਿਕਾਈ ਰੱਖਦੇ। ਉਪਰੋਕਤ ਗੁਣ ਹੀ ਸਨ ਜਿਨ੍ਹਾਂ ਕਾਰਣ ਭਾਈ ਜੇਠਾ ਜੀ ਗੁਰਗੱਦੀ ਦੇ ਵਾਰਸ ਬਣੇ ਅਤੇ ਬੀਬੀ ਭਾਨੀ ਗੁਰੂ ਪੁੱਤਰੀ ਤੋਂ ਵੱਧ ਕੇ ਗੁਰੂ ਪਤਨੀ ਵੀ ਹੋ

ਗਏ।

ਬੀਬੀ ਭਾਨੀ ਇਕਾਂਤ ਪਸੰਦ ਸਨ। ਅੰਮ੍ਰਿਤ ਵੇਲੇ ਨਿੱਤ ਕ੍ਰਿਆ ਤੋਂ ਵਿਹਲੇ ਹੋ ਕੇ ਸ਼ਬਦ ਗਾਇਨ ਕਰਦੇ ਰਹਿੰਦੇ। ਆਪ ਜੀ ਸਦਾ ਸਾਦੇ ਵਸਤ੍ਰ ਹੀ ਪਹਿਨਦੇ। ਕਦੀ ਕੋਈ ਗਹਿਣਾ ਸਰੀਰ ਨਾਲ ਛੁਹਾਇਆ ਵੀ ਨਹੀਂ ਅਤੇ ਨਾ ਹੀ ਆਪ ਜੀ ਦੀ ਕਦੀ ਐਸੀ ਇੱਛਾ ਹੁੰਦੀ। ਇਕ ਵਾਰ ਇਕ ਸਿੱਖ ਨੇ ਆਪ ਜੀ ਨੂੰ ਗੁਰੂ ਪੁੱਤਰੀ ਜਾਣ ਕੇ ਰੇਸ਼ਮੀ ਬਸਤ੍ਰ ਅਤੇ ਗਹਿਣੇ ਇਹ ਕਹਿ ਕੇ ਦੇਣੇ ਚਾਹੇ ਕਿ ਨਵ-ਵਿਆਹੇ ਵਿਅਕਤੀ ਨੂੰ ਸਾਦੇ ਕਪੜੇ ਸ਼ੋਭਦੇ ਨਹੀਂ ਤਾਂ ਉਸ ਸਮੇਂ ਬੀਬੀ ਭਾਨੀ ਜੀ ਨੇ ਉਹ ਤੋਹਫ਼ੇ ਪ੍ਰਵਾਨ ਨਹੀਂ ਕੀਤੇ ਅਤੇ ਸਾਦਾ ਜੀਵਨ ਨੂੰ ਹੀ ਠੀਕ ਦਰਸਾਇਆ।

ਜਦੋਂ ਆਪ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਅੰਦਰ ਗੁਰਗੱਦੀ ਨਾ ਮਿਲਣ ਕਰਕੇ ਈਰਖਾ ਦੀ ਅੱਗ ਤਿੱਖੀ ਹੋ ਗਈ ਅਤੇ ਉਸਨੇ ਗੁਰੂ ਘਰ ਨੂੰ ਨੀਵਾਂ ਦਿਖਾਉਣ ਲਈ ਅਜਿਹੀ ਚਾਲ ਚਲੀ ਕਿ ਲੰਗਰ ਦਾ ਰਾਸ਼ਨ ਪਾਣੀ ਥੁੜਣ ਲੱਗਾ ਤਾਂ ਵੀ ਆਪ ਜੀ ਅਡੋਲ ਰਹਿਕੇ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਇਆ। ਸੁਚੱਜੀ ਮਾਂ ਦੇ ਤੌਰ ਤੇ ਆਪ ਜਦ ਕਦੀ ਵੀ ਬੱਚਿਆਂ ਨੂੰ ਅਸੀਸ ਦਿੰਦੇ ਤਾਂ ਉਮਰ ਵੱਡੀ ਹੋਣ ਜਾਂ ਹੋਰ ਸੰਸਾਰਕ ਸੁੱਖਾਂ ਦੇ ਮਿਲਣ ਦੀ ਨਹੀਂ ਸਗੋਂ ਨਾਮ, ਸਿਮਰਨ ਅਤੇ ਸੇਵਾ ਦੀ ਹੀ ਅਸੀਸ ਦਿੰਦੇ। ਜੇ ਅੱਜ ਵੀ ਹਰ ਮਾਂ ਬੀਬੀ ਭਾਨੀ ਵਾਂਗ ਆਪਣੇ ਬੱਚੇ ਨੂੰ ਗੋਦੀ ਵਿਚ ਲੈ ਕੇ ਅਸੀਸ ਦੇਵੇ ਤਾਂ ਸ਼ਾਇਦ ਹੀ ਕੋਈ ਬੱਚਾ ਐਸਾ ਹੋਵੇਗਾ ਜਿਸ ਨੂੰ ਸੇਵਾ ਸਿਮਰਨ ਦੇ ਅਰਥ ਸਮਝਾਉਣੇ ਪੈਣ। ਉਹ ਤਾਂ ਉਸਨੂੰ ਵਿਰਾਸਤ ਵਿਚ ਹੀ ਮਿਲ ਜਾਣਗੇ। ਗੁੜਤੀ ਹੀ ਸੇਵਾ ਸਿਮਰਨ ਦੀ ਦਿੱਤੀ ਜਾਵੇ ਤਾਂ ਨੌਜਵਾਨ ਇੰਝ ਭਟਕਦਾ ਨਾ ਫਿਰੇ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਬੀਬੀ ਭਾਨੀ ਜੀ ਤਰਨਤਾਰਨ ਵਿਚ ਟਿਕ ਕੇ ਕੋੜ੍ਹੀਆਂ ਦੀ ਸੇਵਾ ਕਰਦੇ ਰਹੇ, ਜਿੱਥੇ ਆਪ ਜੀ 9 ਅਪ੍ਰੈਲ 1598 ਨੂੰ ਗੁਰਪੁਰੀ ਜਾ ਬਿਰਾਜੇ। ਬੀਬੀ ਭਾਨੀ ਜੀ ਗਹਿਰ-ਗੰਭੀਰ, ਸੁਭਾਵਕ ਠਹਿਰਾਉ ਵਾਲੇ, ਸਦਾ ਸ਼ਾਂਤ-ਚਿੱਤ, ਨਿਮਰਤਾ ਅਤੇ ਪਿਆਰ ਦੇ ਪੁੰਜ, ਤੇਜ ਬੁੱਧੀ ਦੇ ਮਾਲਕ ਅਤੇ ਸੇਵਾ ਭਾਵ ਵਾਲੀ ਲਾਸਾਨੀ ਸਖਸ਼ੀਅਤ ਹੋ ਗੁਜ਼ਰੇ। ਆਪ ਜੀ ਦਾ ਜੀਵਨ ਅੱਜ-ਕੱਲ੍ਹ ਦੀਆਂ ਮਾਵਾਂ, ਭੈਣਾਂ, ਪਤਨੀਆਂ ਅਤੇ ਬੇਟੀਆਂ ਨੂੰ ਮਾਰਗ-ਦਰਸ਼ਨ ਦਿੰਦਾ ਹੈ ਕਿ ਜਿਥੇ ਸਿੱਧਾ-ਸਾਦਾ ਜੀਵਨ ਬਤੀਤ ਕਰਦੇ ਹੋਏ, ਸੇਵਾ ਭਾਵਨਾ ਦੇ ਰਾਹ 'ਤੇ ਚਲਦੇ ਹੋਏ ਜੀਵਨ ਦੇ ਹਰ ਮੋੜ ਤੇ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ, ਉਥੇ ਆਪਣੇ ਪਰਿਵਾਰ, ਸਮਾਜ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਾ ਔਰਤ ਦਾ ਅਸਲੀ ਧਰਮ ਹੈ।

***

6. ਭਾਈ ਲਾਲੂ ਜੀ

ਭਾਈ ਲਾਲੂ (ਲਾਲੋ) ਜੀ ਦਾ ਨਾਮ ਉਨ੍ਹਾਂ ਗੁਰਸਿੱਖਾਂ ਵਿਚ ਲਿਆ ਜਾਂਦਾ ਹੈ। ਜਿਨ੍ਹਾਂ ਨੇ ਨਿਸ਼ਕਾਮ ਹੋ ਕੇ ਗੁਰੂ ਘਰ ਦੀ ਸੇਵਾ ਕੀਤੀ ਅਤੇ ਅਖੀਰ ਗੁਰੂ ਦੇ ਪਿਆਰ ਅਤੇ ਸਤਿਕਾਰ ਦੇ ਪਾਤਰ ਬਣੇ। ਇਸ ਪਿਆਰ ਅਤੇ ਸਤਿਕਾਰ ਦੇ ਕਾਰਣ ਹੀ ਆਪ ਜੀ ਨੂੰ

ਗੁਰੂ ਸਾਹਿਬ ਜੀ ਨੇ ਸਿੱਖੀ ਪ੍ਰਚਾਰ ਲਈ ਮੰਜੀ ਬਖਸ਼ੀ, ਜਿਸ ਨੂੰ ਆਪ ਨੇ ਗੁਰੂ ਜੀ ਦੀ ਮਿਹਰ ਸਮਝ ਕੇ ਆਪਣੇ ਆਖਰੀ ਸਮੇਂ ਤੱਕ ਨਿਭਾਇਆ।

ਭਾਈ ਲਾਲੂ ਜੀ ਇਕ ਵੈਦ ਦਾ ਕੰਮ ਕਰਦੇ ਸਨ। ਆਪ ਜੀ ਹੋਰ ਆਮ ਖਾਸ ਬੀਮਾਰੀਆਂ ਦੇ ਇਲਾਜ ਦੇ ਨਾਲ-ਨਾਲ ਤੇਈਏ ਤਾਪ (ਵਾਰੀ ਦੇ ਬੁਖਾਰ) ਦੇ ਇਲਾਜ ਦੇ ਵੀ ਬਹੁਤ ਮਾਹਰ ਸਨ। ਆਪ ਜੀ ਨੇ ਆਪਣੇ ਜੀਵਨ ਵਿਚ ਗੁਰੂ ਦੇ ਸਿੱਖਾਂ ਦੀ ਜੋ ਜੀਵਨ-ਜਾਚ ਵੇਖੀ ਉਸਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕੇ। ਆਪ ਜੀ ਨੇ ਵੇਖਿਆ ਕਿ ਆਮ ਲੋਕਾਂ ਵਿਚ ਧਨ-ਪਦਾਰਥ ਕਮਾਉਣ ਅਤੇ ਐਸ਼ੋ ਇਸ਼ਰਤ ਦੀ ਜ਼ਿੰਦਗੀ ਬਤੀਤ ਕਰਨ ਦੀ ਬਹੁਤ ਰੁਚੀ ਸੀ। ਇਸ ਕਾਰਨ ਭਾਵੇਂ ਦੁਨਿਆਵੀ ਤੌਰ ਤੇ ਲੋਕ ਕੁਝ ਸੁਖੀ ਵੀ ਹੋਣ ਪਰ ਮਾਨਸਿਕ ਤੌਰ ਤੇ ਬਹੁਤ ਦੁਖੀ ਸਨ। ਇਹ ਮਾਨਸਿਕ ਦੁੱਖ ਹੀ ਕਈ ਸਰੀਰਕ ਬੀਮਾਰੀਆਂ ਦਾ ਕਾਰਨ ਬਣੇ ਹੋਏ ਸਨ। ਇਸ ਕਰਕੇ ਆਪ ਜੀ ਨੇ ਵੇਖਿਆ ਕਿ ਸਰੀਰਕ ਬੀਮਾਰੀਆਂ ਕੁਝ ਸਮੇਂ ਤੱਕ ਦਵਾ-ਦਾਰੂ ਨਾਲ ਠੀਕ ਕੀਤੀਆਂ ਜਾ ਸਕਦੀਆਂ ਹਨ, ਪਰ ਸਮਾਂ ਪਾ ਕੇ ਉਹ ਫਿਰ ਉਭਰ ਆਉਂਦੀਆਂ ਹਨ। ਆਪ ਜੀ ਮਾਨਸਿਕ ਬੀਮਾਰੀਆਂ ਦਾ ਇਲਾਜ ਕਰਨ ਤੋਂ ਅਸਮਰਥ ਸਨ।

ਦੂਜੇ ਪਾਸੇ ਆਪ ਜੀ ਨੇ ਵੇਖਿਆ ਕਿ ਗੁਰੂ ਦੇ ਸਿੱਖ ਮਾਨਸਿਕ ਤੌਰ ਤੇ ਤੰਦਰੁਸਤ ਹੋਣ ਕਰਕੇ ਅਰੋਗ ਰਹਿੰਦੇ ਹਨ। ਲੋਕ ਸੇਵਾ ਵਿਚ ਹਮੇਸ਼ਾਂ ਜੁਟੇ ਰਹਿੰਦੇ ਅਤੇ ਉਨ੍ਹਾਂ ਨੂੰ ਕਦੇ ਵੀ ਥਕਾਨ ਜਾਂ ਬੀਮਾਰੀ ਮਹਿਸੂਸ ਨਹੀਂ ਹੁੰਦੀ। ਉਹ ਬੀਮਾਰੀਆਂ, ਜਿਨ੍ਹਾਂ ਤੋਂ ਲੋਕ ਡਰਦੇ ਸਨ ਅਤੇ ਜਿਨ੍ਹਾਂ ਬੀਮਾਰੀਆਂ ਕਾਰਨ ਪਰਿਵਾਰ ਦੇ ਜੀਅ ਇਕ ਦੂਜੇ ਕੋਲ ਜਾਣ ਤੋਂ ਘਬਰਾਉਂਦੇ ਸਨ, ਉਨ੍ਹਾਂ ਕੋਲ ਗੁਰੂ ਦੇ ਸਿੱਖ ਜਾਂਦੇ ਅਤੇ ਉਨ੍ਹਾਂ ਦੀ ਸੇਵਾ ਕਰਦੇ। ਸਮਾਂ ਪਾ ਕੇ ਜਦੋਂ ਉਹ ਲੋਕ ਠੀਕ ਹੋ ਜਾਂਦੇ ਤਾਂ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਬਣ ਜਾਂਦੇ। ਇਸ ਤਰ੍ਹਾਂ ਭਾਈ ਲਾਲੂ ਜੀ ਦੇ ਮਨ ਵਿਚ ਗੁਰੂ ਘਰ ਪ੍ਰਤੀ ਸ਼ਰਧਾ ਦਿਨੋ ਦਿਨ ਵਧਦੀ ਹੀ ਜਾ ਰਹੀ ਸੀ। ਉਹ ਵੀ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨਾ ਚਾਹੁੰਦੇ ਸਨ, ਜਿੰਨ੍ਹਾਂ ਦੀ ਪ੍ਰੇਰਣਾ ਸਦਕਾ ਉਨ੍ਹਾਂ ਦੇ ਸਿੱਖ, ਸਮਾਜ ਕਲਿਆਣ ਦਾ ਇੰਨਾ ਵੱਡਾ ਭਾਰ ਆਪਣੇ ਮੋਢਿਆਂ ਤੇ ਚੁੱਕੀ ਫਿਰਦੇ ਸਨ।

ਭਾਈ ਲਾਲੂ ਜੀ ਸੁਲਤਾਨਪੁਰ ਲੋਧੀ (ਕਪੂਰਥਲਾ) ਦੇ ਨੇੜੇ ਦੇ ਪਿੰਡ ਡੱਲੇ ਦੇ ਰਹਿਣ ਵਾਲੇ ਸਨ ਅਤੇ ਜਿਸ ਗੁਰਸਿੱਖ ਨੂੰ ਉਹ ਰੋਜ਼ਾਨਾ ਗੁਰੂ ਆਸ਼ੇ ਅਨੁਸਾਰ ਸਮਾਜ ਕਲਿਆਣ ਦੇ ਕੰਮਾਂ ਵਿਚ ਰੁੱਝਾ ਹੋਇਆ ਵੇਖਦੇ ਉਹ ਉਨ੍ਹਾਂ ਦੇ ਪਿੰਡ ਦਾ ਹੀ ਇਕ ਵਿਅਕਤੀ ਭਾਈ ਪਾਰੋ ਜੀ ਸੀ। ਭਾਈ ਪਾਰੋ ਜੀ ਦਾ ਜੀਵਨ ਸਮਾਜ ਵਿਚ ਇਕ ਆਦਰਸ਼ ਮਨੁੱਖ ਵਾਲਾ ਸੀ ਜਿਸ ਤੋਂ ਪ੍ਰਭਾਵਤ ਹੋਏ ਬਿਨਾਂ ਕੋਈ ਵੀ ਵਿਅਕਤੀ ਨਹੀਂ ਸੀ ਰਹਿ ਸਕਦਾ। ਆਮ ਲੋਕਾਂ ਨੂੰ ਤਾਂ ਸ਼ਾਇਦ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਭਾਈ ਪਾਰੋ ਜੀ ਸੌਂਦੇ ਕਦੋਂ ਹਨ ਅਤੇ ਖਾਂਦੇ-ਪੀਂਦੇ ਕੀ ਹਨ? ਉਨ੍ਹਾਂ ਦਾ ਜੀਵਨ ਸਾਰੇ ਆਲੇ ਦੁਆਲੇ ਦੇ ਲੋਕਾਂ ਵਿਚ ਚਾਨਣ ਮੁਨਾਰੇ ਵਜੋਂ ਕੰਮ ਕਰ ਰਿਹਾ ਸੀ। ਭਾਈ ਪਾਰੋ ਜੀ ਦੀ ਅਜਿਹੀ ਨਿਸ਼ਕਾਮ ਸੇਵਾ ਵੇਖ ਕੇ ਗੁਰੂ ਅੰਗਦ ਸਾਹਿਬ ਜੀ ਨੇ ਉਸ ਨੂੰ 'ਪਰਮਹੰਸ' ਦੀ ਉਪਾਧੀ ਬਖਸ਼ੀ ਸੀ। ਆਮ ਲੋਕਾਂ ਨੂੰ ਵੀ ਭਾਈ ਪਾਰੋ ਜੀ ਤੇ ਇੰਨਾ ਭਰੋਸਾ ਸੀ ਕਿ ਉਹ ਆਪਣੀਆਂ ਭੇਟਾਵਾਂ

ਗੁਰੂ ਜੀ ਤੱਕ ਭਾਈ ਪਾਰੋ ਜੀ ਰਾਹੀਂ ਹੀ ਭੇਜਦੇ ਸਨ। ਜਦੋਂ ਭਾਈ ਪਾਰੋ ਜੀ ਗੁਰੂ ਦਰਸ਼ਨਾਂ ਤੋਂ ਵਾਪਸ ਮੁੜਦੇ ਤਾਂ ਲੋਕ ਗੁਰੂ ਜੀ ਦੁਆਰਾ ਕੀਤੇ ਵਖਿਆਨ ਸੁਣਨ ਲਈ ਉਨ੍ਹਾਂ ਦੇ ਦੁਆਲੇ ਜੁੜ ਬਹਿੰਦੇ। ਭਾਈ ਪਾਰੋ ਜੀ ਦੇ ਜੀਵਨ ਨੇ ਭਾਈ ਲਾਲੂ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਕਰਕੇ ਭਾਈ ਲਾਲੂ ਜੀ ਨੇ ਭਾਈ ਪਾਰੋ ਜੀ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਲਈ ਬੇਨਤੀ ਕੀਤੀ। ਭਾਈ ਪਾਰੋ ਜੀ ਭਾਈ ਲਾਲੂ ਜੀ ਦੀ ਗੁਰੂ ਘਰ ਪ੍ਰਤੀ ਅਜਿਹੀ ਸ਼ਰਧਾ ਅਤੇ ਪਿਆਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ।

ਇਕ ਦਿਨ ਭਾਈ ਪਾਰੋ ਜੀ ਗੋਇੰਦਵਾਲ ਸਾਹਿਬ ਆਉਣ ਦੀ ਤਿਆਰੀ ਕਰਨ ਲੱਗੇ ਅਤੇ ਉਨ੍ਹਾਂ ਭਾਈ ਲਾਲੂ ਜੀ ਨੂੰ ਵੀ ਨਾਲ ਚਲਣ ਲਈ ਕਿਹਾ। ਅਜਿਹਾ ਸੁਣ ਕੇ ਹੀ ਭਾਈ ਲਾਲੂ ਜੀ ਦਾ ਮਨ ਖੁਸ਼ੀ ਨਾਲ ਭਰ ਆਇਆ ਕਿ ਜਿਸ ਗੁਰੂ ਜੀ ਬਾਰੇ ਕੇਵਲ ਉਨ੍ਹਾਂ ਨੇ ਅਜੇ ਤੱਕ ਸੁਣਿਆ ਹੀ ਸੀ, ਹੁਣ ਉਨ੍ਹਾਂ ਦੇ ਦਰਸ਼ਨ ਕਰਨ ਦਾ ਮੌਕਾ ਵੀ ਮਿਲ ਰਿਹਾ ਹੈ। ਭਾਈ ਲਾਲੂ ਜੀ ਗੁਰੂ ਦਰਸ਼ਨਾਂ ਨੂੰ ਜਾਣ ਲਈ ਚਾਈਂ-ਚਾਈਂ ਤਿਆਰੀ ਕਰਨ ਲੱਗੇ ਅਤੇ ਭਾਈ ਪਾਰੋ ਜੀ ਨਾਲ ਗੋਇੰਦਵਾਲ ਸਾਹਿਬ ਨੂੰ ਹੋ ਤੁਰੇ। ਰਾਹ ਵਿਚ ਭਾਈ ਪਾਰੋ ਜੀ ਦੁਆਰਾ ਭਾਈ ਲਾਲੂ ਜੀ ਨੂੰ ਗੁਰੂ ਘਰ ਬਾਰੇ ਹੋਰ ਵੀ ਬਹੁਤ ਸਾਰੀ ਜਾਣਕਾਰੀ ਦਿੱਤੀ ਗਈ ਜਿਸਨੂੰ ਸੁਣ ਕੇ ਭਾਈ ਲਾਲੂ ਜੀ ਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਹੋਰ ਵਧ ਗਈ। ਜਦੋਂ ਆਪ ਗੋਇੰਦਵਾਲ ਸਾਹਿਬ ਪੁੱਜੇ ਤਾਂ ਭਾਈ ਲਾਲੂ ਜੀ ਨੇ ਭਾਈ ਪਾਰੋ ਜੀ ਨੂੰ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਹੀ ਸਭ ਤੋਂ ਪਹਿਲਾਂ ਚੱਲਣ ਲਈ ਬੇਨਤੀ ਕੀਤੀ। ਜਿਸ ਨੂੰ ਭਾਈ ਪਾਰੋ ਜੀ ਨੇ ਸਵੀਕਾਰ ਕੀਤਾ ਅਤੇ ਉਨ੍ਹਾਂ ਨੂੰ ਲੈ ਕੇ ਆਪ ਸਿੱਧਾ ਹੀ ਗੁਰੂ ਦਰਸ਼ਨਾਂ ਨੂੰ ਜਾ ਪਹੁੰਚੇ। ਗੁਰੂ ਸਾਹਿਬ ਕੋਲ ਪਹੁੰਚ ਕੇ ਪਹਿਲਾਂ ਭਾਈ ਪਾਰੋ ਜੀ ਅਤੇ ਭਾਈ ਲਾਲੂ ਜੀ ਨੇ ਮੱਥਾ ਟੇਕਿਆ ਫਿਰ ਭਾਈ ਪਾਰੋ ਜੀ ਨੇ ਡੱਲੇ ਪਿੰਡ ਦੀ ਸੰਗਤ ਤੋਂ ਇਕੱਤਰ ਕੀਤੀ ਰਸਦ ਅਤੇ ਮਾਇਆ ਗੁਰੂ ਜੀ ਨੂੰ ਭੇਂਟ ਕਰਕੇ ਉਨ੍ਹਾਂ ਦੇ ਚਰਨਾਂ ਵਿਚ ਬੈਠ ਗਏ। ਗੁਰੂ ਅਮਰਦਾਸ ਸਾਹਿਬ ਜੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿਤਾ ਅਤੇ ਬਚਨ ਬਿਲਾਸ ਸ਼ੁਰੂ ਕੀਤੇ। ਗੁਰੂ ਜੀ ਨੇ ਭਾਈ ਪਾਰੋ ਜੀ ਨੂੰ ਨਾਲ ਆਏ ਸਿੱਖ ਬਾਰੇ ਪੁੱਛਿਆ ਤਾਂ ਆਪ ਜੀ ਨੇ ਕਿਹਾ ਕਿ ਇਹ ਸਾਡੇ ਪਿੰਡ ਦਾ ਹੀ ਇਕ ਵੈਦ ਹੈ, ਜੋ ਹਰ ਤਰ੍ਹਾਂ ਦੀ ਬੀਮਾਰੀ ਦਾ ਇਲਾਜ ਜਾਣਦਾ ਹੈ। ਗੁਰੂ ਜੀ ਨੇ ਭਾਈ ਲਾਲੂ ਜੀ ਨੂੰ ਵੀ ਆਉਣ ਦਾ ਕਾਰਣ ਪੁੱਛਿਆ ਤਾਂ ਭਾਈ ਸਾਹਿਬ ਨੇ ਕਿਹਾ ਕਿ ਮੈਂ ਕਈ ਸਾਲਾਂ ਤੋਂ ਲੋਕਾਂ ਦੇ ਸਰੀਰਕ ਰੋਗਾਂ ਦਾ ਇਲਾਜ ਕਰ ਰਿਹਾ ਹਾਂ ਪਰ ਲੋਕਾਂ ਨੂੰ ਸਰੀਰਕ ਇਲਾਜ ਦੇ ਨਾਲ-ਨਾਲ ਮਾਨਸਿਕ ਸ਼ਾਂਤੀ ਵੀ ਜ਼ਰੂਰੀ ਚਾਹੀਦੀ ਹੈ ਇਸੇ ਕਾਰਨ ਮੇਰਾ ਮਨ ਵੀ ਭਟਕ ਰਿਹਾ ਹੈ। ਮੈਂ ਵੀ ਆਪ ਜੀ ਦਾ ਸਿੱਖ ਬਣਨਾ ਚਾਹੁੰਦਾ ਹਾਂ, ਮੈਨੂੰ ਵੀ ਸਿੱਖੀ ਦੀ ਦਾਤ ਬਖਸ਼ਿਸ਼ ਕਰੋ ਤਾਂ ਕਿ ਮੈਂ ਹੋਰ ਵਧੀਆ ਤਰੀਕੇ ਨਾਲ ਲੋਕਾਂ ਦੀ ਸੇਵਾ ਕਰ ਸਕਾਂ। ਭਾਈ ਲਾਲੂ ਜੀ ਦੇ ਜਵਾਬ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਗੋਇੰਦਵਾਲ ਸਾਹਿਬ ਹੀ ਦਵਾਖ਼ਾਨਾ ਖੋਲਣ ਲਈ ਹੁਕਮ ਕੀਤਾ ਤਾਂ ਕਿ ਹਰ ਆਏ ਗਏ ਦੀ ਸਰੀਰਕ ਬੀਮਾਰੀ ਦਾ ਇਲਾਜ ਹੋ ਸਕੇ। ਭਾਈ ਲਾਲੂ ਜੀ ਵੀ ਇਹੀ ਚਾਹੁੰਦੇ ਸਨ ਕਿ ਗੁਰੂ ਸਾਹਿਬ ਕੋਲ ਰਹਿਣ ਦਾ ਮੌਕਾ ਮਿਲੇ। ਗੁਰੂ ਸਾਹਿਬ ਨੇ ਆਪ ਭਾਈ ਲਾਲੂ ਜੀ ਨੂੰ ਦਵਾਖ਼ਾਨਾ ਖੋਲ ਦਿੱਤਾ ਅਤੇ ਹਰੇਕ ਮਰੀਜ਼ ਨੂੰ ਮੁਫਤ ਦਵਾਈਆਂ ਦੀ

ਉਥੇ ਸਹੂਲਤ ਹੋ ਗਈ। ਹੁਣ ਭਾਈ ਲਾਲੂ ਜੀ ਜਿਥੇ ਸਾਰਾ ਦਿਨ ਆਏ ਗਏ ਮਰੀਜ਼ਾਂ ਦਾ ਦਵਾ ਦਾਰੂ ਕਰਦੇ ਉਥੇ ਗੁਰਮਤਿ ਗਿਆਨ ਦੇ ਸਮੁੰਦਰ ਵਿਚ ਆਨੰਦ ਵੀ ਮਾਣਦੇ। ਜਿਉਂ ਜਿਉਂ ਉਨ੍ਹਾਂ ਨੂੰ ਗੁਰਮਤਿ ਦੀ ਸੋਝੀ ਆਉਂਦੀ ਗਈ ਉਨ੍ਹਾਂ ਦੇ ਜੀਵਨ ਵਿਚ ਵੀ ਓਨੀ ਹੀ ਨਿਮਰਤਾ ਅਤੇ ਸੇਵਾ ਭਾਵਨਾ ਦਾ ਸੰਚਾਰ ਹੁੰਦਾ ਗਿਆ। ਉਹ ਵੱਧ ਤੋਂ ਵੱਧ ਸਮਾਂ ਦੁਖੀਆਂ ਅਤੇ ਬਿਮਾਰਾਂ ਦੀ ਸੇਵਾ ਵਿਚ ਬਿਤਾਉਣ ਲੱਗੇ। ਇਸ ਤਰ੍ਹਾਂ ਉਨ੍ਹਾਂ ਬਹੁਤ ਸਾਰਾ ਸਮਾਂ ਗੁਰੂ ਘਰ ਦੇ ਦਵਾਖਾਨੇ ਦੀ ਸੇਵਾ ਵਿਚ ਲੰਘਾ ਦਿੱਤਾ।

ਇਕ ਦਿਨ ਗੁਰੂ ਅਮਰਦਾਸ ਜੀ ਆਰਾਮ ਕਰ ਰਹੇ ਸਨ ਕਿ ਉਨ੍ਹਾਂ ਇਕ ਮਾਤਾ ਦੇ ਰੋਣ ਕੁਰਲਾਉਣ ਦੀ ਆਵਾਜ਼ ਸੁਣੀ। ਸੇਵਾ ਦੇ ਪੁੰਜ ਗੁਰੂ ਸਾਹਿਬ ਜੀ ਨੇ ਤੁਰੰਤ ਇਕ ਸਿੱਖ ਨੂੰ ਉਸ ਮਾਤਾ ਕੋਲ ਭੇਜ ਕੇ ਆਪਣੇ ਕੋਲ ਬੁਲਾਇਆ ਅਤੇ ਦੁੱਖ ਦਾ ਕਾਰਣ ਪੁੱਛਿਆ। ਮਾਤਾ ਨੇ ਕਿਹਾ ਕਿ ਮੇਰੇ ਬੱਚੇ ਨੂੰ ਅਜਿਹਾ ਬੁਖਾਰ ਚੜ੍ਹਿਆ ਹੈ ਕਿ ਉਤਰਨ ਦਾ ਨਾਂ ਹੀ ਨਹੀਂ ਲੈਂਦਾ। ਬਹੁਤ ਸਾਰੀਆਂ ਥਾਵਾਂ ਤੋਂ ਦਵਾ ਦਾਰੂ ਕਰਵਾਇਆ ਹੈ, ਪਰ ਬੁਖਾਰ ਉਤਰ ਕੇ ਫਿਰ ਚੜ੍ਹ ਜਾਂਦਾ ਹੈ। ਲੱਗਦਾ ਹੈ ਕਿ ਮੇਰੇ ਬੱਚੇ ਨੇ ਹੁਣ ਬਚਣਾ ਹੀ ਨਹੀਂ ਇਸ ਲਈ ਆਪ ਜੀ ਕੋਲ ਆਈ ਹਾਂ ਕਿ ਤੁਸੀਂ ਹੀ ਮੇਰੇ ਬੱਚੇ ਨੂੰ ਜੀਵਨ-ਦਾਨ ਦਿਉ। ਗੁਰੂ ਜੀ ਨੇ ਤੁਰੰਤ ਵੈਦ ਭਾਈ ਲਾਲੂ ਜੀ ਨੂੰ ਬੁਲਾਇਆ ਅਤੇ ਬੱਚੇ ਦੀ ਬੀਮਾਰੀ ਦਾ ਇਲਾਜ ਕਰਨ ਲਈ ਕਿਹਾ। ਭਾਈ ਲਾਲੂ ਜੀ ਨੇ ਬੱਚੇ ਨੂੰ ਚੰਗੀ ਤਰ੍ਹਾਂ ਵੇਖ ਕੇ ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਕ੍ਰਿਪਾ ਨਾਲ ਇਹ ਬੱਚਾ ਬਿਲਕੁਲ ਠੀਕ ਹੋ ਜਾਵੇਗਾ, ਕਿਉਂਕਿ ਇਸ ਬੱਚੇ ਨੂੰ ਤੇਈਏ ਤਾਪ (ਵਾਰੀ ਦਾ ਬੁਖਾਰ) ਚੜ੍ਹਿਆ ਹੋਇਆ ਹੈ, ਜਿਸ ਦਾ ਇਲਾਜ ਮੈਂ ਭਲੀ ਭਾਂਤ ਜਾਣਦਾ ਹਾਂ। ਇੰਨਾ ਕਹਿ ਕੇ ਭਾਈ ਲਾਲੂ ਜੀ ਨੇ ਗੁਰੂ ਜੀ ਦੇ ਅਸ਼ੀਰਵਾਦ ਸਦਕਾ ਉਸ ਬੱਚੇ ਦਾ ਇਲਾਜ ਸ਼ੁਰੂ ਕੀਤਾ ਅਤੇ ਉਹ ਬੱਚਾ ਕੁਝ ਹੀ ਦਿਨ੍ਹਾਂ ਵਿਚ ਨੌ-ਬਰ-ਨੌ ਹੋ ਗਿਆ। ਬੱਚੇ ਦੀ ਮਾਤਾ ਬਹੁਤ ਪ੍ਰਸੰਨ ਹੋਈ, ਉਸਦੇ ਮਨ ਵਿਚ ਗੁਰੂ ਜੀ ਦੇ ਨਾਲ ਨਾਲ ਭਾਈ ਲਾਲੂ ਜੀ ਦਾ ਸਤਿਕਾਰ ਵੀ ਬਹੁਤ ਵੱਧ ਗਿਆ। ਭਾਈ ਲਾਲੂ ਜੀ ਦੁਆਰਾ ਤੇਈਏ ਤਾਪ ਦਾ ਇਲਾਜ ਕਰਨ ਵਾਲੀ ਘਟਨਾ ਦੀ ਚਰਚਾ ਚਾਰੇ ਪਾਸੇ ਫੈਲ ਗਈ। ਇਸ ਨਾਲ ਹੁਣ ਭਾਈ ਲਾਲੂ ਜੀ ਕੋਲ ਮਰੀਜ਼ਾਂ ਦੀ ਗਿਣਤੀ ਵੀ ਦਿਨੋ ਦਿਨ ਵਧਣ ਲੱਗੀ। ਭਾਈ ਲਾਲੂ ਜੀ ਪਹਿਲਾਂ ਨਾਲੋਂ ਵੀ ਜ਼ਿਆਦਾ ਸਮਾਂ ਮਰੀਜ਼ਾਂ ਦੇ ਇਲਾਜ ਲਈ ਲਾਉਣ ਲੱਗੇ। ਸਮਾਂ ਕੱਢ ਕੇ ਗੁਰੂ ਜੀ ਦੇ ਵਿਚਾਰ ਸੁਣਦੇ ਅਤੇ ਗੁਰਮਤਿ ਦੀ ਸੋਝੀ ਵੀ ਪ੍ਰਾਪਤ ਕਰਦੇ। ਭਾਈ ਲਾਲੂ ਜੀ ਜਿਥੇ ਆਪਣੀ ਸੇਵਾ ਅਤੇ ਸੋਝੀ ਦੇ ਪੱਖ ਤੋਂ ਆਮ ਲੋਕਾਂ ਵਿਚ ਸਤਿਕਾਰੇ ਜਾਂਦੇ ਉਥੇ ਆਪ ਜੀ ਗੁਣਾਂ ਸਦਕਾ ਗੁਰੂ ਜੀ ਦੇ ਸਤਿਕਾਰ ਦੇ ਪਾਤਰ ਵੀ ਬਣ ਗਏ।

ਇਕ ਦਿਨ ਮਰੀਜ਼ਾਂ ਦੀ ਸੇਵਾ ਕਰਦੇ-ਕਰਦੇ ਸਮਾਂ ਕੱਢ ਕੇ ਭਾਈ ਲਾਲੂ ਜੀ ਗੁਰੂ ਦਰਸ਼ਨਾਂ ਨੂੰ ਗਏ ਤਾਂ ਗੁਰੂ ਜੀ ਨੇ ਆਪ ਜੀ ਨੂੰ ਕਾਫੀ ਸਮਾਂ ਕੋਲ ਬਿਠਾਈ ਰੱਖਿਆ ਅਤੇ ਗੁਰਮਤਿ ਵਿਚਾਰਾਂ ਕਰਦੇ ਰਹੇ। ਵਿਚਾਰਾਂ ਕਰਦੇ-ਕਰਦੇ ਗੁਰੂ ਜੀ ਨੇ ਇਹ ਜਾਣ ਲਿਆ ਕਿ ਭਾਈ ਸਾਹਿਬ ਜੀ ਸੇਵਾ ਦੇ ਨਾਲ ਨਾਲ ਗੁਰਮਤਿ ਦੀ ਸੋਝੀ ਵਿਚ ਵੀ ਨਿਪੁੰਨਤਾ ਹਾਸਲ ਕਰ ਗਏ ਹਨ। ਗੁਰੂ ਜੀ ਨੇ ਭਾਈ ਲਾਲੂ ਜੀ ਨੂੰ ਸੇਵਾ ਤੇ ਪ੍ਰਚਾਰ ਲਈ

ਗੋਇੰਦਵਾਲ ਤੋਂ ਬਾਹਰ ਜਾਣ ਲਈ ਕਿਹਾ। ਗੁਰੂ ਜੀ ਦਾ ਹੁਕਮ ਸਤਿ ਜਾਣ ਕੇ ਭਾਈ ਸਾਹਿਬ ਨੇ ਸ਼ਰਧਾ ਨਾਲ ਗੁਰੂ ਜੀ ਅੱਗੇ ਸਿਰ ਝੁਕਾਇਆ। ਗੁਰੂ ਜੀ ਨੇ ਸਿੱਖੀ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਸੀ, ਉਨ੍ਹਾਂ ਵਿਚੋਂ ਇਕ ਮੰਜੀ ਭਾਈ ਲਾਲੂ ਜੀ ਨੂੰ ਬਖਸ਼ੀ। ਭਾਈ ਲਾਲੂ ਜੀ ਜੀਵਨ ਦੇ ਅੰਤਿਮ ਸੁਆਸਾਂ ਤੱਕ ਗੁਰੂ ਜੀ ਦੁਆਰਾ ਥਾਪੀ ਮੰਜੀ ਤੇ ਗੁਰੂ ਆਸ਼ੇ ਅਨੁਸਾਰ ਲੋਕ ਕਲਿਆਣ ਅਤੇ ਸੇਵਾ ਹਿਤੂ ਕੰਮ ਕਰਦੇ ਹੋਏ ਸਿੱਖ ਇਤਿਹਾਸ ਵਿਚ ਉਚ ਸਥਾਨ ਹਾਸਲ ਕਰ ਗਏ।

ਭਾਈ ਲਾਲੂ ਜੀ ਦਾ ਜੀਵਨ ਸਿੱਖਾਂ ਲਈ ਪ੍ਰੇਰਣਾ ਸ੍ਰੋਤ ਬਣਿਆ ਰਹੇਗਾ ਕਿ ਹਰ ਸਿੱਖ ਜਿਸ ਕਿਸੇ ਵੀ ਕੰਮ ਧੰਧੇ ਵਿਚ ਲੱਗਿਆ ਹੋਇਆ ਹੈ, ਉਥੇ ਹੀ ਸਿੱਖੀ ਪ੍ਰਚਾਰ ਅਤੇ ਸੇਵਾ ਦਾ ਕੰਮ ਕਰ ਸਕਦਾ ਹੈ।

***

<u>ਫਿਲਾਸਫ਼ੀ</u>

7. ਇਸਤਰੀ ਦਾ ਸਥਾਨ

'ਸਿੱਖ ਧਰਮ' ਸੰਸਾਰ ਦਾ ਪਹਿਲਾ ਧਰਮ ਹੈ ਜਿਸ ਨੇ ਔਰਤ ਨੂੰ ਵਡਿਆਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀ ਬਾਰੇ ਪ੍ਰਚਲਤ ਵਿਚਾਰਧਾਰਾਵਾਂ ਦਾ ਭੀ ਭਰਵਾਂ ਵਿਰੋਧ ਕੀਤਾ ਹੈ। ਗੁਰੂ ਸਾਹਿਬ ਜੀ ਦਾ ਇਹ ਸਪੱਸ਼ਟ ਮਤ ਹੈ ਕਿ ਇਸਤਰੀ ਜਾਂ ਪੁਰਸ਼ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ, ਵਾਹਿਗੁਰੂ ਦੀ ਦਰਗਾਹ ਵਿਚ ਤਾਂ ਚੰਗੇ ਕਰਮਾਂ (ਕੰਮਾਂ) ਦਾ ਹੀ ਮੁੱਲ ਪੈਂਦਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ 'ਆਸਾ ਕੀ ਵਾਰ' ਦੀ 19ਵੀਂ ਪਉੜੀ ਦੇ ਸਲੋਕ, 'ਮਨੁੱਖ ਦੇ ਜੀਵਨ ਵਿਚ ਇਸਤਰੀ ਦੀ ਮਹੱਤਤਾ ਨੂੰ ਬਹੁਤ ਚੰਗੀ ਤਰ੍ਹਾਂ ਬਿਆਨਿਆ ਹੈ। ਆਪ ਫੁਰਮਾਉਂਦੇ ਹਨ ਕਿ ਔਰਤ ਦੇ ਕਾਰਨ ਹੀ ਮਨੁੱਖ ਇਸ ਸੰਸਾਰ ਵਿਚ ਆਉਂਦਾ ਹੈ। ਔਰਤ ਨਾਲ ਹੀ ਉਸ ਦਾ ਰਿਸ਼ਤਾ ਅਤੇ ਵਿਆਹ ਆਦਿ ਹੁੰਦੇ ਹਨ, ਔਰਤ ਤੋਂ ਹੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ, ਮਨੁੱਖੀ ਜੀਵਨ ਵਿਚ ਔਰਤ ਦੀ ਇੰਨੀ ਲੋੜ ਮਹਿਸੂਸ ਕੀਤੀ ਜਾਂਦੀ ਹੈ ਕਿ ਜੇ ਇੱਕ ਔਰਤ ਮਰ ਜਾਵੇ ਤਾਂ ਮਨੁੱਖ ਹੋਰ ਔਰਤ ਦੀ ਦੇਖ ਸ਼ੁਰੂ ਕਰ ਦਿੰਦਾ ਹੈ।...ਅੰਤ ਵਿਚ ਕਹਿੰਦੇ ਹਨ ਕਿ ਜਿਸ ਔਰਤ ਨੇ ਰਾਜਿਆਂ (ਭਗਤਾਂ, ਫਿਲਾਸਫਰਾਂ, ਸੂਰਮਿਆਂ) ਨੂੰ ਜਨਮ ਦਿੱਤਾ ਹੈ, ਭਲਾ ਉਸ ਨੂੰ ਮੰਦਾ ਕਿਵੇਂ ਆਖਿਆ ਜਾ ਸਕਦਾ ਹੈ। ਵਾਹਿਗੁਰੂ ਦੀਆਂ ਨਜ਼ਰਾਂ ਵਿਚ ਤਾਂ ਉਹੀ ਮੁੱਖ (ਭਾਵੇਂ ਇਸਤਰੀ ਹੋਵੇ, ਭਾਵੇਂ ਪੁਰਸ਼) ਉੱਜਲ ਹਨ, ਜੋ ਹਰੀ ਜੱਸ ਗਾਉਂਦੇ ਹਨ:

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ॥
ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ, ਜਿਤੁ ਮੰਜਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ, ਭੰਡੈ ਬਾਝੁ ਨ ਕੋਇ॥

ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ, ਭਾਗਾ ਰਤੀ ਚਾਰਿ॥
ਨਾਨਕ, ਤੇ ਮੁਖ ਊਜਲੇ, ਤਿਤੁ ਸਚੈ ਦਰਬਾਰਿ॥
(ਭੰਡ – ਔਰਤ) (ਵਾਰ ਆਸਾ-473)

ਗੁਰੂ ਨਾਨਕ ਪਾਤਸ਼ਾਹ ਜੀ ਦੀ ਵੀਚਾਰਧਾਰਾ ਤੋਂ ਪਹਿਲਾਂ ਪ੍ਰਚਲਤ ਵਿਚਾਰਧਾਰਾਵਾਂ/ਮਤਾਂ ਦੇ ਵਿਚਾਰ ਇਸਤਰੀ ਸਬੰਧੀ ਕੁਝ-ਕੁ ਇਸ ਤਰ੍ਹਾਂ ਹਨ:

ਹਿੰਦੂ ਮਤ ਨੂੰ ਬਹੁਤ ਪੁਰਾਣਾ ਮਤ ਕਿਹਾ ਜਾਂਦਾ ਹੈ। ਹਿੰਦੂਆਂ ਦੀਆਂ ਧਰਮ ਪੁਸਤਕਾਂ ਵਿਚ ਭੀ ਇਸਤਰੀ ਨਾਲ ਭਾਰੀ ਅਨਿਆਂ ਕੀਤਾ ਗਿਆ। ਮਨੂੰ ਨੂੰ ਹਿੰਦੂ-ਰਹੁਰੀਤੀ ਦਾ ਆਦਿ-ਵਿਆਖਿਆਕਾਰ ਮੰਨਿਆ ਜਾਂਦਾ ਹੈ। ਮਨੂੰ ਵਿਧਾਨ ਮੂਜਬ ਹਿੰਦੂ ਇਸਤਰੀਆਂ ਦੇ ਸੰਸਕਾਰ ਵੇਦ-ਮੰਤਰਾਂ ਆਦਿਕ ਨਾਲ ਕਰਨੇ ਉਚਿਤ ਨਹੀਂ। ਉਸ ਦਾ ਫੁਰਮਾਣ ਹੈ-"ਇਸਤਰੀਆਂ ਅਗਿਆਨਣਾਂ ਹਨ, ਵੇਦ-ਮੰਤ੍ਰ ਤੋਂ ਵਾਝੀਆਂ ਅਤੇ ਝੂਠ ਦੀਆਂ ਮੂਰਤਾਂ ਹਨ" (ਅਧਿਆਇ 5, ਸਲੋਕ 47-48 ਤੇ ਅ: 9 ਸਲੋਕ 14)

ਮਨੂੰ ਜੀ ਫੁਰਮਾਉਂਦੇ ਹਨ ਕਿ "ਇਸਤਰੀ ਸਭ ਦੁੱਖਾਂ ਦਾ ਮੂਲ ਕਾਰਨ ਹੈ"। ਹਿੰਦੂ ਮਤ ਇਸਤਰੀ ਦੀ ਦੁਨਿਆਵੀ ਜ਼ਿੰਦਗੀ ਨੂੰ ਇਕ ਸਜ਼ਾ ਸਮਝਦਾ ਹੈ, ਜਿਸ ਤੋਂ ਮੁਕਤੀ ਪ੍ਰਾਪਤ ਕਰਨਾ ਇਨਸਾਨ ਦਾ ਆਦਰਸ਼ ਹੈ ਅਤੇ ਇਸਤਰੀ ਇਨਸਾਨ ਨੂੰ ਇਸ ਜਗਤ ਵਿਚ ਲਿਆਉਂਦੀ ਹੈ, ਇਸ ਲਈ ਇਹ ਇਸਤਰੀ ਸਭ ਦੁੱਖਾਂ ਦਾ ਕਾਰਨ ਹੈ। ਇਸਤਰੀ ਦੀ ਸੰਗਤ ਨਾਲ ਮਨੁੱਖ ਦੀ ਬੇਇਜ਼ਤੀ ਹੁੰਦੀ ਹੈ ਅਤੇ ਇਸਤਰੀ ਲਈ ਅਨੇਕਾਂ ਝਗੜੇ ਹੁੰਦੇ ਹਨ, ਇਸ ਲਈ ਇਸਤਰੀ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸਤਰੀ ਸਿਰਫ਼ ਬੇਵਕੂਫਾਂ ਨੂੰ ਹੀ ਨਹੀਂ ਬਲਕਿ ਗਿਆਨਵਾਨਾਂ ਤੇ ਰਿਸ਼ੀਆਂ-ਮੁਨੀਆਂ ਨੂੰ ਵੀ ਕੁਰਾਹੇ ਪਾ ਕੇ ਆਪਣੀਆਂ ਕਾਮਨਾਵਾਂ ਦਾ ਸ਼ਿਕਾਰ ਬਣਾ ਕੇ, ਆਪਣੇ ਅਧੀਨ ਕਰ ਲੈਂਦੀ ਹੈ, ਇਸ ਲਈ ਇਸ ਤੋਂ ਹਮੇਸ਼ਾਂ ਬਚ ਕੇ ਰਹਿਣਾ ਚਾਹੀਦਾ ਹੈ।"

ਇਸਤਰੀਆਂ ਨੂੰ ਹਿੰਦੂ ਸਮਾਜ ਵਿਚ ਸ਼ੂਦਰ ਦਾ ਦਰਜਾ ਦਿਤਾ ਗਿਆ ਹੈ। ਜਿਵੇਂ ਸ਼ੂਦਰ ਜਨੇਊ ਨਹੀਂ ਪਹਿਨ ਸਕਦਾ, ਉਵੇਂ ਹੀ ਇਸਤਰੀ ਭੀ ਜੰਞੂ ਧਾਰਨ ਨਹੀਂ ਕਰ ਸਕਦੀ। ਪਦਮ ਪੁਰਾਣ ਅਨੁਸਾਰ ਪਤੀ ਭਾਵੇਂ ਬਹੁਤ ਬੁੱਢਾ ਹੋਵੇ, ਕਰੂਪ ਹੋਵੇ; ਲੰਗੜਾ-ਲੂਲਾ, ਕੋਹੜੀ ਹੋਵੇ; ਡਾਕੂ, ਚੋਰ, ਕਾਤਲ ਹੋਵੇ, ਸ਼ਰਾਬੀ ਹੋਵੇ, ਜੂਏਬਾਜ਼ ਤੇ ਰੰਡੀਬਾਜ਼ ਹੋਵੇ, ਸ਼ਰੇਆਮ ਪਾਪ ਕਰਦਾ ਫਿਰੇ; ਪਰ ਪਤਨੀ ਨੂੰ ਫਿਰ ਭੀ ਉਸਨੂੰ ਪਰਮਾਤਮਾ ਵਾਂਗ ਪੂਜਣਾ ਚਾਹੀਦਾ ਹੈ।

ਪਤੀ ਦੀ ਮੌਤ ਪਿਛੋਂ ਹਿੰਦੂ- ਇਸਤਰੀ ਨੂੰ ਆਪਣੇ ਪਤੀ ਨਾਲ ਸੜ ਮਰਨ ਦਾ ਹੁਕਮ ਸੀ। ਇਸ ਨੂੰ ਸਤੀ ਪ੍ਰਥਾ ਕਹਿੰਦੇ ਸਨ। ਇਸਤਰੀ ਨੂੰ ਦੂਜਾ ਵਿਆਹ ਕਰਾਉਣ ਦੀ ਇਜਾਜ਼ਤ ਭੀ ਦਿਤੀ ਗਈ ਸੀ, ਪਰ ਇਸ 'ਕਾਰਜ' ਲਈ ਬੜਾ ਕਠਨ ਵਿਧਾਨ ਬਣਾਇਆ ਗਿਆ ਹੈ। ਮਨੂੰ ਸਿਮ੍ਰਤੀ ਅਤੇ ਪੁਰਾਣਾਂ ਵਰਗੀਆਂ 'ਧਰਮ ਪੁਸਤਕਾਂ' ਦੇ ਅਸਰ ਅਧੀਨ ਹੀ 'ਰਾਮ ਚਰਿਤ ਮਾਨਸ' ਦਾ ਕਰਤਾ ਗੋਸਵਾਮੀ ਤੁਲਸੀ ਦਾਸ ਇਸਤਰੀ

ਨੂੰ ਦਬਾ ਕੇ ਰੱਖਣ ਦੀ ਸਲਾਹ ਦਿੰਦੇ ਹਨ:

'ਢੋਲ ਗਵਾਰ ਸ਼ੂਦਰ ਪਸੂ ਨਾਰੀ। ਯਿਹ ਸਭ ਤਾੜਨ ਕੇ ਅਧਿਕਾਰੀ।'

ਜੈਨ ਮਤ- ਵਾਲਿਆਂ ਦਾ ਇਹ ਵਿਚਾਰ ਹੈ ਕਿ ਇਸਤਰੀ ਕਦੇ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ। ਸ੍ਰੀ ਦਿਗੰਬਰ ਜੈਨ ਕਹਿੰਦੇ ਹਨ-'ਔਰਤ ਸਾਰੀ ਉਮਰ ਭਗਤੀ ਕਰਕੇ, ਪਤੀ ਬ੍ਰਤਾ ਰਹਿ ਕੇ ਤੇ ਚੰਗਾ ਜੀਵਨ ਬਤੀਤ ਕਰਕੇ ਭੀ ਉਦੋਂ ਤਕ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ, ਜਦੋਂ ਤੱਕ ਉਹ ਮੁੜ ਕੇ ਆਦਮੀ ਦਾ ਜਨਮ ਧਾਰਨ ਨਹੀਂ ਕਰ ਲੈਂਦੀ।'

ਮਹਾਤਮਾ ਬੁੱਧ ਵੀ ਆਪਣੇ ਮਤ ਵਿਚ ਇਸਤਰੀਆਂ ਦੇ ਦਾਖ਼ਲੇ ਨੂੰ ਹਾਨੀਕਾਰਕ ਸਮਝਦੇ ਸਨ, ਤੇ ਕਹਿੰਦੇ ਹਨ 'ਇਸਤਰੀਆਂ ਨੂੰ ਬੋਧੀ ਭਿਖਸ਼ੂਆਂ ਵਿਚ ਦਾਖ਼ਲ ਕਰਨ ਨਾਲ ਬੁੱਧ ਧਰਮ ਦੀ ਆਯੂ ਘਟ ਜਾਵੇਗੀ।'

ਜੋਗ ਮਤ- ਗੋਰਖ ਨਾਥ ਨੇ ਜੋਗ ਮਤ ਨੂੰ ਕਾਫੀ ਪਰਚਾਰਿਆ ਹੈ ਤੇ ਜੋਗੀਆਂ ਵਿਚ ਉਸਦਾ ਨਾਂ ਆਦਰ-ਸਤਿਕਾਰ ਨਾਲ ਲਿਆ ਜਾਂਦਾ ਹੈ। ਗੋਰਖ ਨਾਥ ਇਸਤਰੀ ਨੂੰ "ਬਘਿਆੜਨ" ਸ਼ਬਦ ਨਾਲ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਇਸ ਬਘਿਆੜਨ (ਇਸਤਰੀ) ਨੇ ਸਾਰੀ ਦੁਨੀਆਂ ਦਾ ਨਾਸ਼ ਕਰਕੇ ਰੱਖ ਦਿੱਤਾ ਹੈ:

"ਇਨ ਬਾਘਣ ਤ੍ਰੈ-ਲੋਈ ਖਾਈ।"

'ਗੋਰਖ-ਬਾਣੀ' ਵਿਚ ਇਸਤਰੀ ਨੂੰ ਪੁਰਸ਼ ਦੀ ਅਧੋਗਤੀ ਦਾ ਵੱਡਾ ਕਾਰਨ ਮੰਨਿਆ ਗਿਆ ਹੈ। ਜਿਵੇਂ ਘੁਣ ਦਾ ਕੀੜਾ ਲੱਕੜੀ ਨੂੰ ਖੋਖਲਾ ਕਰਕੇ ਕਮਜ਼ੋਰ ਕਰ ਦਿੰਦਾ ਹੈ, ਤਿਵੇਂ ਹੀ ਇਸਤਰੀ ਮਨੁੱਖ ਦਾ ਸਤਿਆਨਾਸ ਕਰਕੇ ਰੱਖ ਦਿੰਦੀ ਹੈ। ਗੋਰਖ ਨਾਥ ਲਿਖਦੇ ਹਨ:

ਦਾਮ ਕਾਢਿ ਬਾਘਣਿ ਲੈ ਆਇਆ। ਮਾਊ ਕਹੈ ਮੇਰਾ ਪੂਤ ਬਿਹਾਇਆ।
ਗੀਲੀ ਲਕੜੀ ਕਉ ਘੁਣ ਲਾਇਆ। ਤਿਨ ਡਾਲ, ਮੂਲ ਸਣ ਖਾਇਆ।

ਇਸਲਾਮ ਵਿਚ ਇਸਤਰੀ ਦੀ ਹਾਲਤ ਹਿੰਦੂ-ਧਰਮ ਵਰਗੀ ਹੈ। ਮਸਜਿਦ ਵਿਚ ਇਮਾਮ (ਉਪਦੇਸ਼ਕ) ਨਹੀਂ ਬਣ ਸਕਦੀ। ਨਿਮਾਜ਼ ਵੇਲ਼ੇ ਨਿਮਾਜ਼ੀਆਂ ਦੀ ਅਗਵਾਈ ਵੀ ਨਹੀਂ ਕਰ ਸਕਦੀ।

ਕੁਰਾਨ ਵਿਚ ਮਰਦ ਨੂੰ ਔਰਤ ਉਪਰ ਹੱਕ ਜਮਾਉਣ ਦੀ ਖੁੱਲ੍ਹ ਦਿਤੀ ਗਈ ਹੈ। ਔਰਤ ਲਈ ਇਹ ਭੀ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਪਰਦੇ ਵਿਚ ਢੱਕ ਕੇ ਰੱਖੇ; ਆਪਣੇ ਹੁਸਨ ਅਤੇ ਗਹਿਣਿਆਂ ਦਾ ਵਿਖਾਵਾ ਨਾ ਕਰੇ। ਅਜਿਹੇ ਵਿਚਾਰਾਂ ਕਰਕੇ ਹੀ ਅੱਜ ਦੀ ਮੁਸਲਮ-ਔਰਤ ਭੀ ਬੁਰਕਾ ਪਾਉਣਾ ਜ਼ਰੂਰੀ ਸਮਝਦੀ ਹੈ।

ਈਸਾਈ ਮਤ ਅਨੁਸਾਰ- ਇਸਤਰੀ ਹਰ ਕੰਮ ਵਿਚ ਮਰਦ ਤੇ ਟੇਕ ਰੱਖਦੀ ਹੈ। ਸਭ ਗੁਨਾਹਾਂ ਤੇ ਪਾਪਾਂ ਦਾ ਸੋਮਾ ਤੇ ਸਾਧਨ ਇਸਤਰੀ ਹੈ। ਸ਼ੈਤਾਨ ਇਸਨੂੰ ਸਾਧਨ ਬਣਾ ਕੇ ਆਦਮੀ ਨੂੰ ਡੇਗਦਾ ਹੈ। ਸ਼ਾਦੀ ਤਾਂ ਕਾਮ ਚੇਸ਼ਟਾ ਲਈ ਇਕ ਰਿਆਇਤ ਹੈ। ਧਾਰਮਕ ਪੁਰਸ਼ਾਂ ਨੂੰ ਇਸਤਰੀ ਤੋਂ ਦੂਰ ਰਹਿਣ ਦੀ ਸਲਾਹ ਦਿਤੀ ਗਈ ਹੈ। ਸੇਂਟ ਪਾਲ ਲਿਖਦੇ ਹਨ-"ਚੰਗਾ ਹੈ ਜੇ ਆਦਮੀ ਇਸਤਰੀ ਨੂੰ ਛੁਹਵੇ ਨਾ...।"

*****

ਗੁਰੂ ਸਾਹਿਬਾਨ ਨੇ ਇਕ ਇਨਕਲਾਬੀ ਕਦਮ ਚੁੱਕਿਆ। ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਰਜਾ ਦੇ ਕੇ ਇਸਤਰੀ ਨੂੰ ਇਹ ਖੁੱਲ੍ਹ ਦਿੱਤੀ ਕਿ ਉਹ ਭੀ ਗੁਰਬਾਣੀ ਤੋਂ ਸੇਧ ਲੈ ਕੇ ਜੀਵਨ ਸਫਲ ਕਰੇ। ਗੁਰੂ ਸਾਹਿਬਾਨ ਦੇ ਇਨ੍ਹਾਂ ਇਨਕਲਾਬੀ ਵਿਚਾਰਾਂ ਕਰਕੇ ਹੀ ਸਿੱਖ ਇਸਤਰੀਆਂ ਮਰਦਾਂ ਦੀ ਤਰ੍ਹਾਂ ਗੁਰਦੁਆਰਿਆਂ ਵਿਚ ਸੇਵਾ ਕਰਨ ਲੱਗ ਪਈਆਂ ਅਤੇ ਸਿੱਖ ਧਰਮ ਦੇ ਪਰਚਾਰ ਹਿਤ ਮੈਦਾਨ ਵਿਚ ਨਿਤਰੀਆਂ।

ਗੁਰੂ ਅਮਰਦਾਸ ਸਾਹਿਬ ਜੀ ਵੇਲ਼ੇ ਇਸੇ ਇਨਕਲਾਬ ਨੇ ਜਦ ਨਵਾਂ ਮੋੜ ਲਿਆ ਤਾਂ ਉਨ੍ਹਾਂ ਨੇ ਇਸਤਰੀਆਂ ਦੀ ਸਤੀ ਪ੍ਰਥਾ ਨੂੰ ਬਾਦਸ਼ਾਹ ਅਕਬਰ ਨੂੰ ਕਹਿ ਕੇ ਕਾਨੂੰਨ ਬੰਦ ਕਰਵਾਇਆ। ਘੁੰਡ ਕੱਢਣ ਦੀ ਰਸਮ ਬੰਦ ਕਰਵਾਈ। ਜਦ ਖੰਡੇ ਦੀ ਪਾਹੁਲ ਛਕਾਉਣ ਦੀ ਵਾਰੀ ਆਈ, ਤਾਂ ਦਸਮ ਪਾਤਸ਼ਾਹ ਨੇ ਸਿੱਖ ਬੀਬੀਆਂ ਨੂੰ ਭੀ ਸਿੰਘਾਂ ਦੇ ਨਾਲ ਬੈਠ ਕੇ ਅੰਮ੍ਰਿਤ ਪਾਨ ਕਰਨ ਨੂੰ ਕਿਹਾ। ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ (ਖੰਡੇ ਕੀ ਪਾਹੁਲ) ਛਕਾਉਣ ਵਿਚ ਵੀ ਸਿੰਘਣੀਆਂ ਸ਼ਾਮਿਲ ਹੋ ਸਕਦੀਆਂ ਹਨ। ਅਨੰਦ ਕਾਰਜ (ਵਿਆਹ) ਤੋਂ ਪਹਿਲਾਂ ਸਿੱਖ ਬੱਚੇ ਅਤੇ ਬੱਚੀ ਦੋਹਾਂ ਲਈ ਅੰਮ੍ਰਿਤਧਾਰੀ ਹੋਣ ਲਈ ਪ੍ਰੇਰਿਆ ਜਾਂਦਾ ਹੈ।

ਇਹ ਸੀ ਇਨਕਲਾਬੀ ਪਰਿਵਰਤਨ-ਕਿਥੇ ਤਾਂ ਇਸਤਰੀ ਧਾਰਮਿਕ ਕੰਮਾਂ ਵਿਚ ਹਿੱਸਾ ਨਹੀਂ ਸੀ ਲੈ ਸਕਦੀ, ਤੇ ਕਿਥੇ ਦਸਮ ਪਾਤਸ਼ਾਹ ਨੇ ਅੰਮ੍ਰਿਤ ਪਾਨ ਕਰਨਾ (ਧਰਮ ਅਨੁਸਾਰ ਜੀਵਨ ਜੀਊਣਾ) ਇਸਤਰੀ ਲਈ ਲਾਜ਼ਮੀ ਕਰਾਰ ਕਰ ਦਿੱਤਾ।

ਮਗਰੋਂ ਜਾ ਕੇ ਸਿੱਖ ਬੀਬੀਆਂ ਨੇ ਇਹ ਸਿਧ ਕਰ ਦਿੱਤਾ, ਕਿ ਜੇ ਸਿੱਖ ਮਰਦ ਜੰਗ ਵਿਚ ਜੂਝ ਸਕਦੇ ਹਨ, ਤਾਂ ਉਹ ਭੀ ਉਨ੍ਹਾਂ ਤੋਂ ਘੱਟ ਨਹੀਂ ਹਨ। ਅਨੇਕਾਂ ਹੀ ਸਿੱਖ ਬੀਬੀਆਂ ਜੰਗਾਂ ਵਿਚ ਜੂਝੀਆਂ। ਜੇ ਕੁਰਬਾਨੀ ਦੇਣ ਦਾ ਮੌਕਾ ਆਇਆ ਤਾਂ ਭੀ ਉਨ੍ਹਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਸਿੱਖੀ ਦੀ ਆਨ-ਸ਼ਾਨ ਨੂੰ ਉੱਚਾ ਰਖਿਆ।

ਸੋ, ਸਿੱਖ ਧਰਮ ਵਿਚ ਹਰੇਕ ਇਸਤਰੀ ਨੂੰ ਪੂਰਨ ਧਾਰਮਕ ਆਜ਼ਾਦੀ ਹੈ। ਉਸ ਦੇ ਅਧਿਕਾਰ ਮਰਦ ਦੇ ਬਰਾਬਰ ਹਨ। ਉਹ ਗੁਰਦੁਆਰੇ ਬਗੈਰ ਕਿਸੇ ਰੋਕ ਦੇ ਜਾ ਸਕਦੀ ਹੈ, ਕੀਰਤਨ ਤੇ ਪਾਠ ਕਰ ਸਕਦੀ ਹੈ, ਵਿਦਿਆ ਪ੍ਰਾਪਤ ਕਰ ਸਕਦੀ ਹੈ, ਪਰਦੇ ਦੀ ਬੰਦਸ਼ ਤੋਂ ਆਜ਼ਾਦ ਹੈ, ਉਹ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਡਾਹ ਕੇ ਜੰਗ ਵਿਚ ਹਿੱਸਾ ਲੈ ਸਕਦੀ ਹੈ, ਉਹ ਮਰਦ ਦੇ ਬਰਾਬਰ ਅੰਮ੍ਰਿਤ ਛਕਾਉਣ ਲਈ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਦੀ ਹੈ। ਵਰ੍ਹਿਆਂ ਤੋਂ ਲਿਤਾੜੀ ਜਾਂਦੀ ਇਸਤਰੀ ਜ਼ਾਤੀ ਨੂੰ ਗੁਰਮਤਿ ਨੇ ਉਤਾਂਹ ਚੁੱਕਿਆ ਅਤੇ ਉਸ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਨਮਾਨ ਯੋਗ ਥਾਂ ਦਿਤੀ। ਦੁਨੀਆਂ ਭਰ ਦੇ ਧਰਮ ਦੇ ਇਤਿਹਾਸ ਵਿਚ ਇਹ ਇਕ ਇਨਕਲਾਬ ਹੈ।

***

੪. ਸੇਵਾ

ਸੇਵਾ ਤੇ ਸਿਮਰਨ ਸਿੱਖ ਧਰਮ ਦੇ ਨਾ ਕੇਵਲ ਦੋ ਵੱਡੇ ਥੰਮ੍ਹ ਹੀ ਹਨ, ਸਗੋਂ ਇਕ ਦੂਜੇ

ਨਾਲ ਪੂਰਨ ਤੌਰ ਉੱਤੇ ਸੰਬੰਧਤ ਵੀ। ਵੈਸੇ ਤਾਂ ਸੇਵਾ ਹਰੇਕ ਮੱਤ ਵਿਚ ਹੀ ਕਿਸੇ ਨਾ ਕਿਸੇ ਰੂਪ ਵਿਚ ਵਡਿਆਈ ਤੇ ਅਪਣਾਈ ਗਈ ਹੈ, ਪਰੰਤੂ ਜੋ ਰੁਤਬਾ ਤੇ ਅਹਿਮੀਅਤ ਇਸ ਨੂੰ ਸਿੱਖ ਧਰਮ ਵਿਚ ਪ੍ਰਾਪਤ ਹੈ, ਉਹ ਸ਼ਾਇਦ ਹੀ ਕਿਸੇ ਹੋਰ ਮੱਤ ਵਿਚ ਹੋਵੇ। ਸਤਿਗੁਰਾਂ ਨੇ ਨਾ ਕੇਵਲ ਸਿੱਖ ਨੂੰ ਹੀ ਵਿਸ਼ਵ ਦਾ ਸੇਵਕ ਬਣਾਇਆ ਹੈ, ਸਗੋਂ ਆਪ ਵੀ ਉੱਚ-ਭਾਵੀ ਪੱਧਰ ਉੱਤੇ ਆਦਰਸ਼ਕ ਸੇਵਕ ਬਣ ਕੇ ਦੱਸਿਆ ਅਤੇ ਸਿੱਖਾਂ ਦੀ ਸਹੀ ਅਗਵਾਈ ਲਈ ਪੂਰਨੇ ਪਾਏ।

ਅਸਲ ਵਿਚ ਗੁਰਮਤਿ ਅਨੁਸਾਰ, ਉਪਕਾਰ ਤੇ ਪਰ-ਸੁਆਰਥੀ ਬਿਰਤੀ ਨਾਲ ਕੀਤੇ ਕੰਮ ਦਾ ਨਾਮ ਸੇਵਾ ਹੈ, ਸੇਵਾ ਨਿਮਰਤਾ ਭਾਵ ਨੂੰ ਪ੍ਰਗਟ ਕਰਦੀ ਹੈ ਜਦ ਕਿ ਉਪਕਾਰ ਸ਼ਬਦ ਸਾਡੇ ਅੰਦਰ ਸੂਖਮ ਹਉਮੈ ਭਾਵ ਪੈਦਾ ਕਰਨ ਦਾ ਕਾਰਨ ਬਣਦਾ ਹੈ। ਸੋ ਨਿਮਰਤਾ ਤੇ ਹਲੀਮੀ ਦੇ ਪੁੰਜ ਸਤਿਗੁਰਾਂ ਨੇ ਉਪਕਾਰ ਦੀ ਥਾਂ ਸੇਵਾ ਸ਼ਬਦ ਨੂੰ ਵਰਤਣਾ ਯੋਗ ਸਮਝਿਆ। ਸੇਵਾ ਰਾਹੀਂ ਹੀ ਗੁਰੂ ਸਾਹਿਬ ਨੇ ਦੁਨੀਆਂ ਵਿਚ ਮਾਣ ਪ੍ਰਾਪਤ ਕਰਨ ਦੀ ਗੱਲ ਕਹੀ ਹੈ। ਆਪ ਦਾ ਫੁਰਮਾਨ ਹੈ :-

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥4॥ (ਪੰਨਾ-26)

ਦੁਨੀਆਂ ਵਿਚ ਰਹਿੰਦਿਆਂ ਮਨੁੱਖਤਾ ਦੀ ਸੇਵਾ ਕਰਨ ਦੇ ਨਾਲ ਹੀ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਮਿਲਦੀ ਹੈ, ਭਾਵ ਵਾਹਿਗੁਰੂ ਜੀ ਦੀ ਮਿਹਰ ਦੇ ਪਾਤਰ ਬਣ ਸਕੀਦਾ ਹੈ ਅਤੇ ਇਸ ਤਰ੍ਹਾਂ ਦੀ ਜੀਵਨ ਜੁਗਤੀ ਨਾਲ ਖ਼ੁਸ਼ੀ-ਖ਼ੁਸੀ ਬਾਹਾਂ ਉਲਾਰ-ਉਲਾਰ ਕੇ ਰੱਬੀ ਦਰਗਾਹ ਵਿਚ ਮਾਣ ਨਾਲ ਜਾਈਦਾ ਹੈ 'ਭਾਵ' ਬੇਫਿਕਰ ਹੋ ਜਾਈਦਾ ਹੈ।

ਗੁਰ ਇਤਿਹਾਸ ਅਨੁਸਾਰ ਗੁਰ-ਗੱਦੀ ਦੀ ਬਖਸ਼ਸ਼ ਕਰਨ ਸਮੇਂ ਵੀ ਸੇਵਾ ਭਾਵ ਨੂੰ ਵੱਡੀ ਕਸਵੱਟੀ ਤੇ ਗੁਣ ਮੰਨਿਆ ਗਿਆ। ਸ੍ਰੀ ਚੰਦ ਜੀ ਆਦਿ ਸਾਹਿਬਜ਼ਾਦਿਆਂ ਵਿਚ ਹੋਰ ਸਭ ਗੁਣ ਸਨ, ਪ੍ਰੰਤੂ ਜੇ ਕੋਈ ਘਾਟ ਸੀ ਤਾਂ ਅਨਿੰਨ ਸੇਵਾ ਭਾਵ ਦੀ। ਬਾਬਾ ਲਹਿਣਾ ਜੀ ਸੇਵਾ ਤੇ ਸਿਦਕ ਦੇ ਗੁਣਾਂ ਕਾਰਣ ਹੀ ਭਾਈ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਜੀ ਹੋ ਨਿਬੜੇ। ਬਾਬਾ ਅਮਰਦਾਸ ਜੀ ਨੇ ਲੋਕ ਲਾਜ ਤੋਂ ਬੇਪਰਵਾਹ ਹੋ ਕੇ ਆਪਣੇ ਕੁੜਮ, ਗੁਰੂ ਅੰਗਦ ਸਾਹਿਬ ਜੀ ਦੀ ਸੇਵਾ ਵਿਚ 73 ਸਾਲ ਦੀ ਆਯੂ ਤੱਕ ਐਸੀ ਬਿਖਮ ਸੇਵਾ ਘਾਲੀ ਕਿ ਨਿਥਾਵਿਆਂ ਦੇ ਥਾਂਵ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਤੇ ਨਿਮਾਣਿਆਂ ਦੇ ਮਾਣ ਹੋਣ ਵਾਲੇ ਗੁਰਦੇਵ ਬਣ ਸੰਗਤਾਂ ਦੀ ਅਗਵਾਈ ਕੀਤੀ। ਇਸੇ ਤਰ੍ਹਾਂ ਹੀ ਬਾਕੀ ਗੁਰੂ ਸਾਹਿਬਾਨ ਦੀ ਵਿਥਿਆ ਹੈ। ਇਹਨਾਂ ਸਭਨਾਂ ਨੇ -

ਮਨੁ ਤਨੁ ਆਗੈ ਰਾਖਿ ਕੈ, ਊਭੀ ਸੇਵ ਕਰੇਇ॥1॥ (ਪੰਨਾ-647-48)

ਪਦ ਅਰਥ:- ਊਭੀ-ਸ਼੍ਰੇਸਟ।

ਭਾਵ:- ਮਨ ਅਤੇ ਤਨ ਦੇ ਨਾਲ ਸੰਪੂਰਣ ਸਮਪਣ ਦੇ ਨਾਲ ਸ਼੍ਰੇਸਟ ਸੇਵਾ ਕਰਨੀ ਚਾਹੀਦੀ ਹੈ।

ਗੁਰਵਾਕ ਅਨੁਸਾਰ ਆਪਾ ਸਮਰਪਣ ਕੀਤਾ ਗੁਰੂ ਆਗਿਆ ਮੰਨੀ ਤੇ ਇਕ ਅਨਿੰਨ

ਤੇ ਨਿਸ਼ਕਾਮ ਸੇਵਕ ਦੇ ਕਰੱਤਵ ਨੂੰ ਪੂਰਨ ਤੌਰ ਤੇ ਨਿਭਾਇਆ।

ਸਿੱਖ ਲਈ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੈ ਪਰੰਤੂ ਸ਼ਰਤ ਇਹ ਹੈ ਕਿ ਸੇਵਾ ਨਿਸ਼ਕਾਮ ਤੇ ਬਿਨਾਂ ਨਸਲ, ਜ਼ਾਤ ਜਾਂ ਮੱਤ ਦੇ ਵਿਤਕਰੇ ਦੇ ਕਮਾਈ ਜਾਵੇ। ਭਾਈ ਘਨੱਈਆ ਸਿੰਘ ਜੀ ਵਾਂਗ ਤਨ, ਮਨ ਜਾਂ ਧਨ ਨਾਲ ਕਿਸੇ ਵੀ ਲੋੜਵੰਦ ਦੀ ਕੀਤੀ ਸੇਵਾ, ਸਫਲ ਸੇਵਾ ਹੈ। ਸੇਵਾ ਸੁਆਰਥ ਦਾ ਤਿਆਗ ਅਤੇ ਤਨ, ਮਨ ਤੇ ਧਨ ਦੀ ਕੁਰਬਾਨੀ ਮੰਗਦੀ ਹੈ। ਦੂਜੇ ਦਾ ਸਵਾਰਨਾ, ਸਹੀ ਸੇਵਾ ਹੈ ਭਾਵੇਂ ਆਪਣਾ ਕੁਝ ਵਿਗੜ ਵੀ ਜਾਵੇ। ਸੇਵਾ ਕਰਦਿਆਂ ਸੇਵਕ ਨੇ ਇਹ ਗੱਲ ਕਦੇ ਨਹੀਂ ਭੁਲਣੀ ਕਿ ਉਹ ਕਿਸੇ ਲੋੜਵੰਦ ਵਿਅਕਤੀ ਦੀ ਨਹੀਂ, ਸਗੋਂ ਗੁਰੂ ਦੀ ਸੇਵਾ ਕਰ ਰਿਹਾ ਹੈ। ਜਦ ਸੇਵਕ ਐਸੀ ਬਿਰਤੀ ਦਾ ਧਾਰਨੀ ਹੋਵੇਗਾ ਤਾਂ ਉਸ ਵਿਚ ਇਹ ਭਾਵਨਾ ਨਹੀਂ ਉਪਜੇਗੀ ਕਿ ਉਹ ਕਿਸੇ ਉਤੇ ਕੋਈ ਅਹਿਸਾਨ ਕਰ ਰਿਹਾ ਹੈ। ਸਿੱਖ ਨੇ ਤਾਂ ਹੁਕਮੀ ਬੰਦਾ ਬਣਕੇ ਬਿਨਾਂ ਕਿਸੇ ਕਾਮਨਾ ਦੇ (ਨਿਸ਼ਕਾਮ) ਸੇਵਾ ਦੁਆਰਾ, ਸਤਿਗੁਰੂ ਦੀਆਂ ਖੁਸ਼ੀਆਂ ਲੈਣੀਆਂ ਹਨ ਅਤੇ ਇਸ ਤਰ੍ਹਾਂ ਆਪਣੇ ਭੈੜੇ ਸੁਭਾਅ ਤੇ ਆਦਤਾਂ ਦਾ ਵਿਨਾਸ਼ ਕਰਨਾ ਹੈ। ਸੇਵਕ ਨੇ ਇਹ ਸੇਵਾ ਕਿਵੇਂ ਨਿਸ਼ਕਾਮ ਤੇ ਨਿਸ਼ਕੱਪਟ ਹੋ ਕੇ ਕਰਨੀ ਹੈ ਅਤੇ ਇਸ ਦੁਆਰਾ ਉਸ ਨੂੰ ਕੀ ਪ੍ਰਾਪਤ ਹੋਵੇਗਾ, ਇਹ ਜਾਨਣ ਲਈ ਕੁਝ ਕੁ ਗੁਰਬਾਣੀ ਦੇ ਪ੍ਰਮਾਣ ਲਾਹੇਵੰਦ ਰਹਿਣਗੇ :-

ਜੇਤੇ ਜੀਅ ਤੇਤੇ ਸਭਿ ਤੇਰੇ, ਵਿਣੁ ਸੇਵਾ ਫਲੁ ਕਿਸੈ ਨਾਹੀ॥ (ਪੰਨਾ-354)

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥ (ਭਾਈ ਗੁਰਦਾਸ, 27-10)

ਹਕੀਕਤ ਇਹ ਹੈ ਕਿ ਐਸੀ ਸੇਵਾ ਅਥਵਾ ਟਹਿਲ ਨਾਲ ਮੇਵੇ ਤੇ ਮਹਲ ਦੀ ਪ੍ਰਾਪਤੀ ਤਾਂ ਹੁੰਦੀ ਹੈ, ਪਰੰਤੂ ਸਭਨਾਂ ਲਈ, ਸਰਬੱਤ ਦੀ ਅਜਿਹੀ ਉੱਚ ਭਾਵੀ ਸੇਵਾ ਨਿਭਾ ਸਕਣ ਲਈ ਇਕ ਸੱਚੇ ਸੁੱਚੇ ਸੇਵਕ ਬਣਨ ਦੀ ਲੋੜ ਹੈ। ਜੇ ਸੇਵਕ ਪੂਰੀ ਤਰ੍ਹਾਂ ਸੁਚੇਤ ਨ ਰਹੇ ਤਾਂ ਇਹੀ ਸੇਵਾ, ਸੇਵਕ ਦੇ ਮਨ ਵਿਚ ਸੁਵਾਰਥ, ਨਿੱਜੀ ਸਾਂਝ ਜਾਂ ਮਾਣ ਆਦਿ ਭਾਵ ਪੈਦਾ ਕਰਨ ਦਾ ਕਾਰਨ ਬਣ ਜਾਂਦੀ ਹੈ। ਏਸੇ ਲਈ ਪੰਜਵੇਂ ਗੁਰਦੇਵ ਇਸ ਸੰਬੰਧ ਵਿਚ ਸਖਤ ਚੇਤਾਵਨੀ ਦਿੰਦੇ ਹਨ ਕਿ :-

ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ, ਕੋਈ ਕੋਟਿ ਮੰਧਾਹੀ ॥ (ਪੰਨਾ-51)

ਭਾਵ:- ਮਾਣ ਅਤੇ ਅਭਿਮਾਨ ਵਿਚ ਰਹਿ ਕੇ ਪ੍ਰਭੂ ਦਾ ਸੇਵਕ ਨਹੀਂ ਬਣ ਸਕੀਦਾ। ਇਸ ਵਾਸਤੇ ਤਾਂ ਮਾਨ-ਅਭਿਮਾਨ ਤਿਆਗਣਾ ਪੈਂਦਾ ਹੈ। ਹੇ ਭਾਈ! ਕ੍ਰੋੜਾਂ ਦੇ ਵਿਚ ਕੋਈ ਵਿਰਲਾ ਹੈ ਜਿਸਨੇ ਇਸ ਤੱਤ ਨੂੰ ਸਮਝਿਆ ਹੈ।

ਇਸ ਮਾਨ ਅਭਿਮਾਨ ਅਥਵਾ ਹਉਮੈ ਦੇ ਦੀਰਘ ਰੋਗ ਤੋਂ ਛੁਟਕਾਰਾ ਪਾਉਣ ਹਿਤ ਸੇਵਕ ਲਈ ਜ਼ਰੂਰੀ ਹੈ ਕਿ ਉਹ ਤਨ, ਮਨ ਤੇ ਧਨ ਨੂੰ ਸਤਿਗੁਰੂ ਦਾ ਸਮਝਦਾ ਹੋਇਆ, ਉਨਾਂ ਦਾ ਅਰਪਨ ਕਰੇ। ਜਦ ਮਨ ਹੀ ਆਪਣਾ ਨਾ ਰਿਹਾ, ਸਤਿਗਰੂ ਦੇ ਅਰਪਣ ਹੋ ਗਿਆ, ਤਾਂ ਫੇਰ ਮਾਨ-ਅਭਿਮਾਨ ਦੇ ਪੂਰਨੇ ਕਿਸ ਨੂੰ ਫੁਰਨਗੇ? ਹਰੀ ਦਾ ਸਹੀ ਸੇਵਕ

ਕਿਵੇਂ ਬਣੀਂਦਾ ਹੈ? ਇਸ ਵੱਲ ਇਸ਼ਾਰਾ ਕਰਦੇ ਹੋਏ ਗੁਰਦੇਵ ਫੁਰਮਾਉਂਦੇ ਹਨ ਕਿ :-

ਸੋ ਸੇਵਕੁ ਹਰਿ ਆਖੀਐ, ਜੋ ਹਰਿ ਰਾਖੈ ਉਰਿ ਧਾਰਿ॥
ਮਨੁ ਤਨੁ ਸਉਪੇ, ਆਗੈ ਧਰੇ, ਹਉਮੈ ਵਿਚਹੁ ਮਾਰਿ॥ (ਪੰਨਾ 28)

ਭਾਵ: ਪਰਮਾਤਮਾ ਦਾ ਅਸਲ ਭਗਤ ਉਹ ਹੀ ਹੈ ਜਿਸ ਨੇ ਹੰਕਾਰ ਤਿਆਗ ਕੇ ਤਨ ਅਤੇ ਮਨ ਕਰਕੇ ਪਰਮਾਤਮਾ ਦੇ ਹੁਕਮ ਨੂੰ ਮੰਨਿਆ ਹੈ। ਪ੍ਰੰਤੂ ਹਰੀ ਦੀ ਟਹਿਲ ਹੈ ਕੀ? ਹਰੀ ਦਾ ਨਾਮ ਜਪਣਾ ਜਿਸ ਸਦਕਾ ਇਨਸਾਨ ਹਉਮੈਂ ਰਹਿਤ ਹੋ ਜਾਂਦਾ ਹੈ। ਫੁਰਮਾਨ ਹੈ:-

ਹਰਿ ਕੀ ਟਹਲ ਕਮਾਵਣੀ, ਜਪੀਐ ਪ੍ਰਭ ਕਾ ਨਾਮੁ ॥ (ਪੰਨਾ-300)

ਭਾਵ: ਪਰਮਾਤਮਾ ਦਾ ਨਾਮ ਜਪਣਾ (ਹੁਕਮ ਵਿਚ ਚਲਣਾ) ਹੀ ਪਰਮਾਤਮਾ ਦੀ ਅਸਲ ਸੇਵਾ ਹੈ। ਆਦਰਸ਼ਕ ਸੇਵਕ ਬਣਨ ਲਈ ਜੋ ਸਿੱਖਿਆ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਦੀ 18 ਵੀਂ ਅਸਟਪਦੀ ਦੇ ਇਸ ਪਦ ਵਿਚ ਦਿੱਤੀ ਹੈ, ਉਹ ਇਤਨੀ ਸਪੱਸ਼ਟ, ਸੰਖੇਪ ਅਤੇ ਭਾਵ ਪੂਰਤ ਹੈ ਕਿ ਉਸ ਦੇ ਵਾਚਣ ਉਪਰੰਤ ਸਿੱਖ ਮਤ ਵਿਚ ਸੇਵਾ ਤੇ ਸੇਵਕ ਦੇ ਕਰਤੱਵ ਤੇ ਮਹੱਤਤਾ ਸੂਰਜ ਵਾਂਗ ਰੌਸ਼ਨ ਹੋ ਜਾਂਦੇ ਹਨ :

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸੁ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ 286)

ਭਾਵ: ਐਸੇ ਸੇਵਕ ਨੂੰ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਗੁਰੂ ਕੀ ਸਿਖਿਆ ਰਾਹੀਂ ਗੁਰੂ ਦੇ ਹੁਕਮ ਵਿਚ ਰਹਿੰਦਾ ਹੋਇਆ ਹੰਕਾਰ ਦਾ ਤਿਆਗ ਕਰਦਾ ਹੈ। ਐਸਾ ਸੇਵਕ ਆਪਣੇ ਮਨ ਨੂੰ ਗੁਰੂ ਹਵਾਲੇ ਕਰਦੇ ਹੋਏ ਇਸ ਸੇਵਾ ਦੇ ਬਦਲੇ ਕਿਸੇ ਦੁਨਿਆਵੀ ਫਲ ਦੀ ਆਸ ਨਹੀਂ ਕਰਦਾ।

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥ (ਪੰਨਾ 292)

ਭਾਵ: ਅਸਲ ਸੇਵਕ ਦਾ ਫਰਜ਼ ਹੈ ਕਿ ਉਹ ਮਨੁਖਤਾ ਦੀ ਸੇਵਾ ਕਰੇ ਅਤੇ ਇਸੇ ਸੇਵਾ ਦੇ ਕਾਰਣ ਸੇਵਕ ਪਰਮਾਤਮਾ ਦੀ ਨਜ਼ਰ 'ਚ ਕਬੂਲ ਪੈਂਦਾ ਹੈ।

ਆਸਾ ਕੀ ਵਾਰ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਵੀ ਇਕ ਪੂਰਨ ਸੇਵਕ ਦੇ ਗੁਣ ਬਿਆਨ ਕਰਦਿਆਂ ਫੁਰਮਾਇਆ ਹੈ ਕਿ ਸੇਵਕ ਲਈ ਸੰਤੋਖੀ ਹੋਣਾ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕੇਗਾ ਜੇ ਸੇਵਕ ਸੱਚ ਦਾ ਧਾਰਨੀ ਹੁੰਦਾ ਹੈ ਤੇ ਮੰਦੇ ਕੰਮਾਂ ਤੋਂ ਸੰਕੋਚ ਕਰਦਾ ਹੋਇਆ ਸਰੇਸ਼ਟ ਤੇ ਸੁੱਚੀ ਕਿਰਤ ਕਰਦਾ ਹੈ। ਆਪ ਜੀ ਦਾ ਫੁਰਮਾਨ ਹੈ:-

ਸੇਵ ਕੀਤੀ ਸੰਤੋਖੀਂਈ, ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ ॥ 7 ॥ (ਪੰਨਾ 467)

ਉਪਰੋਕਤ ਪਉੜੀ ਵਿਚ ਇਕ ਸੰਤੋਖੀ ਸੇਵਕ ਬਾਰੇ ਪ੍ਰਗਟਾਏ ਭਾਵ ਤੇ ਦਿੱਤੀ ਸੇਧ ਦੇ ਨੁਕਤੇ ਨਾ ਕੇਵਲ ਇਕ ਆਦਰਸ਼ਕ ਸੇਵਕ ਦਾ ਹੀ ਸੰਪੂਰਨ ਚਿੱਤਰ ਖਿੱਚਦੇ ਹਨ, ਸਗੋਂ ਸੰਸਾਰ ਵਿਚ ਲਬ, ਲੋਭ, ਸੁਆਰਥ ਤੇ ਹਵਸ (ਤ੍ਰਿਸ਼ਨਾ) ਦੇ ਕਾਰਨ ਵਾਪਰ ਰਹੀ ਲੁੱਟ-ਖਸੁੱਟ, ਖੋਹਾ-ਖਾਹੀ, ਠੱਗੀ-ਠੋਹਰੀ ਤੇ ਪਰਾਇਆ ਹੱਕ ਮਾਰਨ ਦੀਆਂ ਰੁੱਚੀਆਂ ਨੂੰ ਵੀ ਠਲ੍ਹ ਪਾਉਣ ਦੇ ਸਮਰਥ ਹਨ। ਮਨੁੱਖ ਨੇ ਸੇਵਕ ਬਣਨ ਲਈ 'ੴ ਸਤਿ ਨਾਮ ਵਾਹਿਗੁਰੂ ਜੀ' ਦਾ ਸਿਮਰਨ ਧੁਰ ਅੰਦਰ ਵਸਾਉਣਾ ਹੈ, ਮੰਦੇ ਕੰਮਾਂ ਦਾ ਤਿਆਗ ਕਰਨਾ ਹੈ ਅਤੇ ਸੁਭ ਅਮਲਾਂ ਲਈ ਉਤਸ਼ਾਹ ਭਰਪੂਰ ਹੋਣਾ ਹੈ । ਅਜਿਹਾ ਸੇਵਕ ਸੁਤੇ-ਸਿੱਧ ਅਲਪ ਅਹਾਰ, ਸੁਲਪ ਸੀ ਨਿੰਦਰਾ(ਥੋੜਾ ਸਵੈਂ ਥੋੜਾ ਹੀ ਖਾਵੈ) ਵਾਲੇ ਦੈਵੀ ਜੀਵਨ ਦਾ ਧਾਰਨੀ ਹੁੰਦਾ ਹੋਇਆ, ਦੁਨੀਆਂ ਦੇ ਬੰਧਨਾਂ ਤੋਂ ਮੁਕਤ ਹੋ ਵਿਚਰੇਗਾ। ਅਜੋਕੇ ਮਨੁੱਖ ਵਿਚ ਵਿਅਕਤੀਗਤ ਜਾਂ ਸਮੂਹਕ ਤੌਰ ਉਤੇ ਇਕ ਦੂਜੇ ਨੂੰ ਅਧੀਨ ਜਾਂ ਨਾਸ ਕਰਨ ਤੇ ਬੁਰਾ ਚਿਤਵਨ ਦੀ ਪਰਬਲ ਰੁਚੀ ਪ੍ਰਤੱਖ ਦਿਸ ਆਉਂਦੀ ਹੈ। ਇਸ ਦਾ ਵੀ ਵੱਡਾ ਤੇ ਬੁਨਿਆਦੀ ਕਾਰਨ ਅਸੰਤੋਖ ਭਰਪੂਰ ਭਾਵਨਾਵਾਂ ਹੀ ਹਨ।

ਸੇਵਾ ਨੂੰ ਸਿੱਖੀ ਦੀ ਇੱਕ ਆਧਾਰ-ਸ਼ਿਲਾ ਕਰਕੇ ਮੰਨਿਆ ਗਿਆ ਹੈ। ਅਜਿਹੀ ਸੇਵਾ ਕਰਨ ਵਾਲੇ ਸੁਭਾਗੇ ਸੇਵਕ ਦਾ ਦੂਜਾ ਨਾਮ ਗੁਰਮੁੱਖ ਜਾਂ ਮੁਰੀਦ ਹੈ, ਜੋ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇਸ ਬਿਧਿ ਬਣੀਦਾ ਹੈ :-

ਮੁਰਦਾ ਹੋਇ ਮੁਰੀਦੁ, ਨ ਗਲੀ ਹੋਵਣਾ।
ਸਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਂਦ, ਨਾ ਖਾਣਾ ਸੋਵਣਾ।
ਪੀਹਣਿ ਹੋਈ ਜਦੀਦ, ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ, ਨ ਹਸਣੁ ਰੋਵਣਾ। ਦਰ ਦਰਵੇਸ ਰਸੀਦੁ, ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ ਈਦ, ਪੁਗਿ ਖਲੋਵਣਾ। (ਵਾਰ 3-18)

ਭਾਵ: ਸੇਵਾ ਕਰਨ ਲਈ ਸੇਵਕ ਨੂੰ ਨਿਰੀ ਗੱਲਾਂ ਨਾਲ ਹੀ ਨਹੀਂ ਸਗੋਂ ਸਬਰ ਅਤੇ ਸੰਤੋਖ ਧਾਰਣ ਕਰਦਿਆਂ ਹੋਇਆਂ ਮਨ ਨੂੰ ਦੁਨਿਆਵੀ ਸੁੱਖਾਂ ਵਾਲੇ ਪਾਸਿਓਂ ਮਾਰਨਾ ਪੈਂਦਾ ਹੈ। ਭੁੱਖ, ਨੀਂਦ ਦੀ ਪਰਵਾਹ ਕੀਤੇ ਬਗੈਰ ਇਕ ਗੁਲਾਮ ਵਾਂਗੂ ਸੇਵਾ ਕਰਨੀ ਚਾਹੀਦੀ ਹੈ। ਉਸ ਦਾ ਜੀਵਨ ਦੁਨਿਆਵੀ ਸੁਖਾਂ-ਦੁਖਾਂ ਤੋਂ ਨਿਰਲੇਪ ਹੋਣਾ ਚਾਹੀਦਾ ਹੈ। ਐਸਾ ਸੇਵਕ ਹੀ ਪ੍ਰਭੂ ਪ੍ਰਾਪਤੀ ਦਾ ਰਸ ਮਾਣਦਾ ਹੈ ਅਤੇ ਮਾਲਕ ਦੇ ਦਰਸ਼ਨ ਕਰਦਾ ਹੈ। ਸੇਵਾ ਸਿੱਖੀ ਦੀ ਇਕ ਕਸੌਟੀ ਹੈ। ਸਾਡੇ ਦੇਸ਼ ਵਿਚ ਪੱਖਾ ਕਰਨ, ਜਲ ਛਕਾਉਣ, ਭਾਡੇਂ ਮਾਂਜਣ, ਲੰਗਰ ਪਕਾਉਣ ਤੇ ਝਾੜੂ ਦੇਣ ਨੂੰ ਨੀਵੇਂ ਕਰਮ ਸਮਝਿਆ ਜਾਂਦਾ ਹੈ। ਜੋ ਲੋਕ ਇਹ ਕੰਮ ਕਰਦੇ ਹਨ, ਉਹ ਸਮਾਜ 'ਚ ਨੀਵੇਂ ਸਮਝੇ ਜਾਂਦੇ ਹਨ। ਸਿੱਖ ਧਰਮ ਨੇ ਇਹ ਕੰਮ ਸੇਵਾ ਦਸੇ ਹਨ। ਇਨ੍ਹਾਂ ਦੇ ਕਰਨ ਨਾਲ ਸਿੱਖ ਖੁਸ਼ੀ ਮਹਿਸੂਸ ਕਰਦਾ ਹੈ ।

ਇਸ ਤਰ੍ਹਾਂ ਹਰ ਤਰ੍ਹਾਂ ਦੀ ਹਉਮੈ ਨੂੰ ਦੂਰ ਕੀਤਾ ਗਿਆ ਹੈ। ਗੁਰੂ ਦਰਬਾਰ ਵਿਚ ਮੁਖੀ ਸਿੱਖ ਜਾਂ ਧਰਮ ਦੇ ਜੋ ਪ੍ਰਚਾਰਕ ਹੋਏ ਹਨ, ਉਹਨਾਂ ਸਾਰਿਆਂ ਨੂੰ ਕਈ ਕਈ ਸਾਲ ਸੇਵਾ ਦੀ ਸਿੱਖਿਆ ਦਿਤੀ ਗਈ । ਪੰਚਮ ਪਾਤਸ਼ਾਹ ਫੁਰਮਾਉਦੇਂ ਹਨ :_

ਮੈ ਬਧੀ ਸਚੁ ਧਰਮਸਾਲ ਹੈ, ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ, ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥ (ਪੰਨਾ-73)

ਭਾਵ: ਗੁਰੂ ਕੇ ਸਿੱਖਾਂ ਦਾ ਮਿਲਾਪ ਹੀ ਮੇਰੇ ਵਾਸਤੇ ਸੱਚ ਦਾ ਗਿਆਨ ਹਾਸਲ ਕਰਨ ਲਈ ਧਰਮਸਾਲ ਹੈ ਅਤੇ ਮੈਂ ਐਸੇ ਸਿੱਖਾਂ ਦੀ ਤਨ-ਮਨ ਨਾਲ ਸੇਵਾ ਕਰਦਾ ਹਾਂ।

ਮਿਸਲਾਂ ਦੇ ਵਕਤ ਸੂਬਾ ਲਾਹੌਰ ਨੇ ਸਿੱਖਾਂ ਨੂੰ ਨਵਾਬੀ ਅਤੇ ਜਗੀਰ ਭੇਜੀ। ਪਰ ਉਹਨਾਂ ਨੇ ਸੂਬੇ ਦੀ ਦਿੱਤੀ ਹੋਈ ਨਵਾਬੀ ਤੇ ਜਗੀਰ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਜਦ ਸੂਬੇ ਵਲੋਂ ਆਏ ਭਾਈ ਸੁਬੇਗ ਸਿੰਘ ਜੀ ਨੇ ਨਵਾਬੀ ਲੈਣ ਲਈ ਬਹੁਤ ਜ਼ੋਰ ਦਿਤਾ ਤਾਂ ਸੰਗਤ ਨੇ ਕਿਹਾ, "ਇਹ ਨਵਾਬੀ ਤੇ ਜਗੀਰ ਸ: ਕਪੂਰ ਸਿੰਘ ਨੂੰ ਦੇ ਦਿਓ, ਜੋ ਸੰਗਤ ਵਿਚ ਪੱਖੇ ਦੀ ਸੇਵਾ ਕਰ ਰਿਹਾ ਹੈ।"

ਸ: ਕਪੂਰ ਸਿੰਘ ਜੀ ਨੇ ਸੰਗਤ ਦੇ ਹੁਕਮ ਅਨੁਸਾਰ ਨਵਾਬੀ ਤੇ ਜਗੀਰ ਲੈਣੀ ਪ੍ਰਵਾਨ ਕਰ ਲਈ ਪਰ ਨਾਲ ਹੀ ਬੇਨਤੀ ਕੀਤੀ, "ਖਾਲਸਾ ਜੀ ! ਨਵਾਬੀ ਤੇ ਜਗੀਰ ਦੇ ਕੇ ਮੈਥੋਂ ਪੱਖੇ ਦੀ ਸੇਵਾ ਨਾ ਖੋਹ ਲੈਣੀ। ਮਾਣ ਵਡਿਆਈ ਬਖਸ਼ ਕੇ ਸੰਗਤ ਦੀ ਸੇਵਾ ਵੀ ਬਖਸ਼ਣੀ।"

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਿਆਂ ਦੀ ਬੜੀ ਸੇਵਾ ਕੀਤੀ ਹੈ। ਇਮਾਰਤਾਂ ਬਣਵਾਈਆਂ ਤੇ ਜਗੀਰਾਂ ਲਾਈਆਂ। ਲੰਗਰ ਜਾਰੀ ਕੀਤੇ। ਉਹਨਾਂ ਨੇ ਦਰਬਾਰ ਸਾਹਿਬ ਦੀ ਸੇਵਾ ਕੀਤੀ। ਲੱਖਾਂ ਰੁਪਏ ਦਾ ਸੋਨਾ ਲਵਾਇਆ। ਰਾਜਸਥਾਨ ਵਿਚੋਂ ਸੰਗਮਰਮਰ ਮੰਗਵਾ ਕੇ ਦਰਬਾਰ ਸਾਹਿਬ ਤੇ ਪ੍ਰਕਰਮਾ ਦੀ ਸੇਵਾ ਕੀਤੀ। ਦਰਬਾਰ ਸਾਹਿਬ ਦੀ ਸੇਵਾ ਮੁਕੰਮਲ ਹੋਣ ਤੇ ਜਦ ਪੱਥਰ ਲਾਉਣ ਲੱਗੇ ਤਾਂ ਮਹਾਰਾਜਾ ਸਾਹਿਬ ਨੇ ਉਸ ਪਰ ਲਿਖਵਾਇਆ "ਸਤਿਗੁਰੂ ਨੇ ਪਰਮ ਸੇਵਕ ਜਾਣ ਕੇ ਸੇਵਾ ਕਰਾਈ।" ਇਸਦਾ ਭਾਵ ਇਹ ਹੈ ਕਿ ਸੇਵਾ ਕੀਤੀ ਨਹੀਂ, ਬਲਕਿ ਸਤਿਗੁਰੂ ਨੇ ਕ੍ਰਿਪਾ ਕਰਕੇ ਆਪ ਕਰਵਾਈ ਹੈ। ਇਹ ਹਉਮੈਂ ਦੇ ਤਿਆਗ ਦੀ ਇਕ ਸੁੰਦਰ ਮਿਸਾਲ ਹੈ।

ਸਿੱਖ ਰਾਜ ਦੇ ਅੰਤ ਵਿਚ ਇਕ ਮਹਾਂਪੁਰਖ ਬਾਬਾ ਖੁਦਾ ਸਿੰਘ ਜੀ ਹੋਏ ਹਨ, ਜੋ ਚੂਨਾ ਮੰਡੀ ਲਾਹੌਰ ਵਿਚ ਨਿਵਾਸ ਕਰਦੇ ਸਨ। ਇਕ ਦਿਨ ਰਾਤ ਦੇ ਸਮੇਂ ਆਪ ਭਜਨ ਬੰਦਗੀ ਵਿਚ ਲੀਨ ਸਨ ਕਿ ਕਿਸੇ ਦੇ ਰੋਣ ਦੀ ਆਵਾਜ਼ ਆਪ ਦੇ ਕੰਨੀਂ ਪਈ। ਆਪ ਹਨੇਰੀ ਰਾਤ ਵਿਚ ਆਵਾਜ਼ ਦੇ ਮਗਰ ਤੁਰ ਪਏ। ਇਕ ਕੁੱਲੀ ਵਿਚ ਪੁੱਜੇ, ਜਿਥੇ ਇਕ ਇਸਤਰੀ ਫੋੜੇ ਦੇ ਦਰਦ ਨਾਲ ਤੜਪ ਰਹੀ ਸੀ। ਆਪ ਨੇ ਮੂੰਹ ਨਾਲ ਉਸ ਦੇ ਫੋੜੇ ਦਾ ਜ਼ਹਿਰ ਚੂਸ ਕੇ ਬਾਹਰ ਕੱਢ ਦਿੱਤਾ। ਇਸਤ੍ਰੀ ਦੇ ਪਤੀ ਨੇ ਕਿਹਾ, " ਆਪ ਨੇ ਸਾਡੀ ਗਰੀਬਾਂ ਦੀ ਬੜੀ ਸੇਵਾ ਕੀਤੀ ਹੈ।" ਬਾਬਾ ਜੀ ਨੇ ਕਿਹਾ, "ਇਹ ਗੁਰੂ ਕਾ ਹੁਕਮ ਹੈ।"

ਸਿੱਖ ਧਰਮ ਵਿਚ ਇਹ ਖਿਆਲ ਦਿੱਤਾ ਗਿਆ ਹੈ ਕਿ "ਗੁਰਸਿਖਾ ਅੰਦਰ ਸਤਿਗੁਰ

ਵਰਤੈ" ਅਤੇ "ਸਭਿ ਮਹਿ ਜੋਤਿ, ਜੋਤਿ ਹੈ ਸੋਇ॥" ਇਸ ਲਈ ਸੇਵਾ ਕਰਨੀ ਗੁਰੂ ਕੀ ਸੇਵਾ ਹੈ। ਅੱਜ ਸਾਡੇ ਅੰਦਰ ਇਸ ਪੱਖ ਤੋਂ ਕਮਜ਼ੋਰੀ ਆ ਗਈ ਜਾਪਦੀ ਹੈ। ਗਰੀਬ ਦੇ ਬੱਚੇ ਨੂੰ ਪੜਾਉਣਾ, ਗਰੀਬ ਲੜਕੇ ਲੜਕੀ ਦੇ ਆਨੰਦ ਦਾ ਪ੍ਰਬੰਧ ਕਰਵਾਉਣਾ, ਕਿਸੇ ਗਰੀਬ ਨੂੰ ਮਾਲੀ ਮੱਦਦ ਦੇ ਕੇ ਉਸ ਨੂੰ ਆਪਣੇ ਪੈਰਾਂ ਤੇ ਖੜੇ ਕਰਨਾ, ਇਹ ਗੁਰੂ ਦੀ ਸੇਵਾ ਕਰਨ ਦੇ ਤੁਲ ਹੈ। ਪਰ ਵਿਹਲੜਾਂ ਨੂੰ ਲੰਗਰ ਛਕਾਉਣਾ, ਮਾਲੀ ਮਦਦ ਆਦਿ ਦੇਣਾ ਗੁਰਮਤਿ ਸਿਧਾਂਤ ਦੇ ਉਲਟ ਹੈ। ਦਸਵੰਧ ਦੀ ਰੀਤ ਇਸੇ ਲਈ ਤੋਰੀ ਗਈ ਸੀ ਕਿ ਗੁਰਸਿੱਖਾਂ ਦੀ ਭਲਾਈ ਤੇ ਉੱਨਤੀ ਲਈ ਦਸਵੰਧ ਦੀ ਰਕਮ ਖਰਚ ਹੋਵੇ।

ਪਰ ਅੱਜ ਕੱਲ੍ਹ ਅਸੀਂ ਆਮ ਕਰਕੇ ਉਹੋ ਸੇਵਾ ਕਰਦੇ ਹਾਂ ਜਿਸ ਨਾਲ ਵਿਖਾਵਾ ਹੁੰਦਾ ਹੋਵੇ ਤੇ ਲੋਕੀਂ ਜਾਨਣ ਕਿ ਅਸੀਂ ਸੇਵਾ ਕੀਤੀ ਹੈ, ਪਰ ਸਿੱਖੀ ਵਿਚ ਪਖੰਡ ਅਤੇ ਦਿਖਾਵੇ ਦੀ ਸੇਵਾ ਲਈ ਕੋਈ ਥਾਂ ਨਹੀਂ, ਸ਼ਰਧਾ, ਪ੍ਰੇਮ, ਸਿਦਕ ਅਤੇ ਉਤਸ਼ਾਹ ਨਾਲ ਕੀਤੀ ਹੋਈ 'ਨਿਸ਼ਕਾਮ ਸੇਵਾ' ਨੂੰ ਹੀ ਪ੍ਰਵਾਨ ਕੀਤਾ ਗਿਆ ਹੈ। ਸੰਸਾਰਕ ਪਦਵੀ, ਐਸ਼ਵਰਜ ਮਾਣ ਤੇ ਵਡਿਆਈ ਪਾ ਕੇ ਵੀ ਨਿਮਰਤਾ ਨਾਲ ਸੇਵਾ ਕਰਨੀ ਸਿੱਖੀ ਨੇ ਸਿਖਾਇਆ ਅਤੇ ਦ੍ਰਿੜ ਕਰਵਾਇਆ ਹੈ।

***

9. ਮਨੁੱਖਤਾ ਅਤੇ ਜ਼ਾਤ-ਪਾਤ

ਜ਼ਾਤ-ਪਾਤ ਕੇਵਲ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹੋਰ ਵੀ ਕਈ ਦੇਸ਼ਾਂ ਅਤੇ ਧਰਮਾਂ ਵਿਚ ਵੀ ਪਾਈ ਜਾਂਦੀ ਹੈ, ਪਰ ਜਿਤਨੀ ਖ਼ਤਰਨਾਕ ਅਤੇ ਜ਼ਹਿਰੀਲੀ ਹਵਾ ਇਸਨੇ ਹਿੰਦੁਸਤਾਨ ਦੀ ਕੀਤੀ ਹੈ ਉਤਨੀ ਕਿਸੇ ਵੀ ਹੋਰ ਦੇਸ਼ ਦੀ ਨਹੀਂ ਕੀਤੀ। ਹਿੰਦੂ ਧਰਮ ਅਤੇ ਹਿੰਦੋਸਤਾਨ ਸਾਰੇ ਦਾ ਸਾਰਾ ਇਸ ਦੀ ਖ਼ਤਰਨਾਕ ਚਪੇਟ ਵਿਚ ਆਇਆ ਹੋਇਆ, ਸਦੀਆਂ ਤੋਂ ਔਖੇ ਸਾਹ ਭਰ ਰਿਹਾ ਹੈ। ਪਰਮਾਤਮਾ ਨੇ ਸਭ ਨੂੰ ਇਕੋ ਜਿਹਾ ਸਰੀਰ, ਰੰਗ-ਰੂਪ ਅਤੇ ਬਣਤਰ ਦੇ ਕੇ ਸ਼ਿੰਗਾਰਿਆ ਅਤੇ ਧਰਤੀ ਤੇ ਸਭ ਲਈ ਇਕੋ ਜਿਹਾ ਖੁੱਲਾ ਡੁੱਲਾ ਪ੍ਰਬੰਧ ਜੀਵਨ ਗੁਜ਼ਾਰਨ ਲਈ ਕਰ ਦਿੱਤਾ। ਯਾਦ ਰਹੇ! ਜੀਵਨ ਲਈ ਜੋ ਵੀ ਵਸਤੂ ਕੀਮਤੀ ਅਤੇ ਅਨਮੋਲ ਹੈ ਉਹ ਸਾਨੂੰ ਕੁਦਰਤ ਵਲੋਂ ਬਿਲਕੁਲ ਮੁਫਤ ਵੰਡੀ ਜਾ ਰਹੀ ਹੈ। ਹਵਾ ਸਭ ਤੋਂ ਕੀਮਤੀ ਹੈ। ਸਭ ਲਈ ਇਕੋ ਜਿਹੀ ਚਲ ਰਹੀ ਹੈ। ਸੂਰਜ ਦੀ ਗਰਮੀ ਅਨਮੋਲ ਹੈ, ਸਭ ਨੂੰ ਇਕੋ ਜਿਹੀ ਮਿਲ ਰਹੀ ਹੈ। ਪਾਣੀ ਜੀਵਨ ਹੈ, ਸਭ ਲਈ ਮੁਫਤ ਹੈ। ਸੋਚੀਏ ਜੇਕਰ ਸਾਨੂੰ ਮੰਨੂ ਜੀ (ਹਿੰਦੂ ਮੱਤ ਦੇ ਇਕ ਮੋਢੀ ਸਿਧਾਂਤ ਨਿਰਮਾਤਾ) ਦੀ ਜ਼ਾਤ-ਪਾਤ ਦੀ ਵੰਡ ਦੇ ਹਿਸਾਬ ਨਾਲ ਮਿਲਦਾ ਹੁੰਦਾ ਤਾਂ ਜੀਵਨ ਦਾ ਕੀ ਹਾਲ ਹੁੰਦਾ, ਮੰਨੂ ਜੀ ਨੇ ਮਨੁੱਖ ਨੂੰ ਚਾਰ ਵਰਣਾਂ " ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਵਿਚ ਵੰਡਿਆ ਹੋਇਆ ਸੀ। ਨਹੀਂ! ਕੁਦਰਤ ਮੰਨੂ ਦੀ ਤਰ੍ਹਾਂ ਕੋਈ ਸਵਾਰਥੀ ਨਹੀਂ, ਜੋ ਦੂਜਿਆਂ ਦੇ ਜਨਮ ਸਿੱਧ ਅਧਿਕਾਰਾਂ ਨੂੰ ਖੋਹਕੇ ਕੁਝ ਇਕ ਖਾਸ ਲੋਕਾਂ ਦੇ ਹੱਥਾਂ ਵਿਚ ਦੇ ਦੇਵੇ। ਮੰਨੂ ਸ੍ਰਿਸ਼ਟੀ ਅਤੇ ਵੇਦਾਂ ਅਨੁਸਾਰ ਤਾਂ ਕੋਈ ਸ਼ੂਦਰ ਨਾ ਤਾਂ ਵਿਦਿਆ ਪ੍ਰਾਪਤ ਕਰ ਸਕਦਾ ਸੀ ਅਤੇ ਨਾ ਹੀ ਸਵੈ ਰਖਿਆ ਲਈ ਤਲਵਾਰ ਚੁੱਕ ਸਕਦਾ ਸੀ ਅਤੇ

ਨਾ ਹੀ ਵਪਾਰ ਕਰਕੇ ਖਾ ਸਕਦਾ ਸੀ। ਉਸਦੇ ਭਾਗਾਂ ਵਿਚ ਸਿਰਫ ਜ਼ਜ਼ਮਾਨ ਪਰਿਵਾਰਾਂ ਵਲੋਂ ਵਖਰੇ ਭਾਂਡਿਆਂ ਵਿਚ ਪਾਈ ਜੂਠ ਮੂਠ ਜਾਂ ਉਨ੍ਹਾਂ ਦੇ ਉਤਾਰੇ ਬਸਤਰ ਹੀ ਆਉਂਦੇ ਸਨ ਅਤੇ ਉਤੋਂ ਜ਼ੁਲਮ ਇਹ ਕਿ ਇਸ ਰਹਿੰਦ ਖੂੰਹਦ ਨੂੰ ਪਾ ਕੇ ਵੀ ਉਹ ਜ਼ਜ਼ਮਾਨਾਂ ਨੂੰ ਅਸੀਸਾਂ ਦਿੰਦਾ ਸੀ। ਸ਼ੂਦਰਾਂ ਦੇ ਖੂੰਹ ਵਖਰੇ ਹੁੰਦੇ ਸਨ। ਉਹ ਅਤਿ ਮਜ਼ਬੂਰੀ ਵਿਚ ਵੀ ਉਪਰਲੀਆਂ ਤਿੰਨੇ ਸ਼੍ਰੇਣੀਆਂ ਦੇ ਖੂਹਾਂ ਤੋਂ ਪਾਣੀ ਨਹੀਂ ਸਨ ਭਰ ਸਕਦੇ । ਇਨ੍ਹਾਂ ਦੇ ਬਣੇ ਤਲਾਬਾਂ ਅਤੇ ਖੂਹਾਂ ਤੇ ਇਸ਼ਨਾਨ ਨਹੀਂ ਕਰ ਸਕਦੇ ਸਨ। ਜੇ ਕੋਈ ਸ਼ੂਦਰ ਗਲਤੀ ਨਾਲ ਵਿਦਿਆ ਪ੍ਰਾਪਤ ਕਰ ਜਾਵੇ ਤਾਂ ਉਸ ਦੇ ਕੰਨਾਂ ਵਿਚ ਸ਼ੀਸ਼ਾ ਪਿੰਘਲਾ ਕੇ ਪਾ ਦਿੱਤਾ ਜਾਂਦਾ। ਧਰਮ ਮੰਦਰਾਂ ਦੇ ਨੇੜਿਓਂ ਲੰਘਣ ਵੀ ਨਹੀਂ ਦਿੱਤਾ ਜਾਂਦਾ ਸੀ।

ਇਸ ਵਿਤਕਰੇ ਨੂੰ ਭਾਵੇਂ ਆਜ਼ਾਦੀ ਪਿਛੋਂ ਕਾਨੂੰਨੀ ਤੌਰ ਤੇ ਖਤਮ ਕਰਨ ਦਾ ਯਤਨ ਕੀਤਾ ਗਿਆ, ਪਰ ਉਹ ਵੀ ਇਸ ਤਰ੍ਹਾਂ ਦੇ ਪਰਪੰਚੀ ਢੰਗ ਨਾਲ ਕਿ ਇਹ ਸਦਾ ਹੀ ਆਪਣੇ ਆਪ ਨੂੰ ਸ਼ੂਦਰ ਮੰਨਦੇ ਰਹਿਣ। ਜੋ ਕੰਮ ਪਹਿਲਾਂ ਸ਼ੂਦਰ ਵਰਗੇ ਘ੍ਰਿਣਤ ਨਾਂ ਨਾਲ ਕੀਤਾ ਜਾਂਦਾ ਸੀ। ਅੱਜ ਉਹ ਕੰਮ ਹਰੀਜਨ ਅਤੇ ਪਛੜੀਆਂ ਸ਼੍ਰੇਣੀਆਂ ਵਰਗੇ ਸਤਿਕਾਰਤ ਨਾਵਾਂ ਨਾਲ ਕੀਤਾ ਜਾਂਦਾ ਹੈ। ਰਿਜ਼ਰਵੇਸ਼ਨ ਦੇ ਨਾਂ ਹੇਠਾਂ ਇਨ੍ਹਾਂ ਨੂੰ ਸਦਾ ਹੀ ਉੱਚ ਕੋਟੀ ਦੀ ਵਿਦਿਆ ਅਤੇ ਸਮਝ ਤੋਂ ਪਰ੍ਹੇ ਰੱਖਿਆ ਜਾ ਰਿਹਾ ਹੈ। ਜਦੋਂ ਰਿਜ਼ਰੇਵਸ਼ਨ ਨਾਲ ਥੋੜਾ ਪੜ੍ਹ ਕੇ ਵੀ, ਥੋੜੇ ਨੰਬਰ ਲੈ ਕੇ ਵੀ ਜੇ ਨੌਕਰੀ ਪੱਕੀ ਹੈ ਤਾਂ ਕਿਸੇ ਨੂੰ ਪੜ੍ਹਨ ਲਈ ਆਪਣੀ ਅਕਲ ਵਰਤਣ ਦੀ ਕੀ ਲੋੜ ਹੈ? ਸਾਡੇ ਸਮਾਜ ਦਾ, ਇਹ ਹਿੱਸਾ ਸਮਝ ਹੀ ਨਹੀਂ ਰਿਹਾ ਕਿ ਇਹ ਤਾਂ ਉਨ੍ਹਾ ਨੂੰ ਸਦਾ ਲਈ ਥੱਲੇ ਲਾ ਕੇ ਰੱਖਣ ਦੀ ਚਾਲ ਹੈ। ਨਾ ਉਹ ਆਪਣੇ ਆਪ ਨੂੰ ਉੱਚੀਆਂ ਜਾਤਾਂ ਵਿਚ ਲਿਖਾਉਣ ਅਤੇ ਨਾ ਹੀ ਉਨ੍ਹਾ ਨੂੰ ਪੜ੍ਹਾਈ ਲਈ ਸਖਤ ਮਿਹਨਤ ਕਰਨ ਦੀ ਲੋੜ ਮਹਿਸੂਸ ਹੋਵੇ। ਹੱਸਦਿਆਂ ਹੱਸਦਿਆਂ ਉਹ ਖੁੱਦ ਨੂੰ ਸ਼ੂਦਰ ਲਿਖਵਾਉਣ ਲਈ ਰਾਜ਼ੀ ਰਹਿਣ ਅਤੇ ਸਦਾ ਅਕਲ ਦੇ ਘਾਟੇ ਵਲ ਜਾਣ।

ਐਸੀ ਵਿਗੜੀ ਦਸ਼ਾ ਵਾਲੇ ਸਮਾਜ ਦੀ ਹਾਲਤ ਸੁਧਾਰਣ ਲਈ ਭਾਵੇਂ ਕਈ ਭਗਤਾਂ ਅਤੇ ਫਕੀਰਾਂ ਨੇ ਆਪਣੇ ਆਪਣੇ ਤੌਰ ਤੇ ਕੋਸ਼ਿਸ਼ ਵੀ ਕੀਤੀ ਪਰ ਸਾਰੇ ਉੱਦਮ ਸਿਰਫ ਉਪਦੇਸ਼ਾਂ ਤਕ ਅਤੇ ਇਕੱਲੇ-ਇਕੱਲੇ ਵਿਅਕਤੀਆਂ ਵਲੋਂ ਹੋਣ ਕਾਰਣ ਨੇਪਰੇ ਨਹੀਂ ਚੜ੍ਹ ਸਕੇ। ਜਿਵੇਂ ਭਗਤ ਕਬੀਰ ਆਪਣੀ ਆਵਾਜ਼ ਨਾਲ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥" (ਪੰਨਾ-1349) ਦਾ ਢੰਡੋਰਾ ਦੇ ਕੇ ਸੁੱਤੇ ਸਮਾਜ ਨੂੰ ਹਲੂਣਨ ਦਾ ਯਤਨ ਕਰਦੇ ਹਨ, ਪਰ ਖੁਦ ਸ਼ੂਦਰ ਸ਼ਰੇਣੀ ਵਿਚੋਂ ਹੋਣ ਕਾਰਣ ਇਹ ਆਵਾਜ਼ ਦੂਰ ਤਕ ਨਹੀਂ ਜਾਂਦੀ।

ਜਥੇਬੰਦਕ ਤੌਰ ਤੇ ਇਸ ਉੱਦਮ ਦਾ ਸਭ ਤੋਂ ਨਿਵੇਕਲਾ ਰੂਪ ਗੁਰੂ ਨਾਨਕ ਪਾਤਸ਼ਾਹ ਵਲੋਂ ਦਰਸਾਏ ਮਾਰਗ ਤੋ ਮਿਲਦਾ ਹੈ। ਇਸ ਮਾਰਗ ਦੀ ਤਾਂ ਸ਼ੁਰੂਆਤ ਹੀ **'ਸਭੇ ਸਾਂਝੀਵਾਲ ਸਦਾਇਨਿ'** ਤੋਂ ਹੁੰਦੀ ਹੈ।

ਹਿੰਦੂਆਂ ਦੀ ਹੀ ਇਕ ਉੱਚੀ ਸ਼੍ਰੇਣੀ ਵਿਚੋਂ ਉੱਠ ਕੇ ਜਦੋਂ ਗੁਰੂ ਨਾਨਕ ਉੱਚੀ ਜ਼ਾਤ ਦੇ ਝੂਠੇ ਮਾਣ ਨੂੰ ਵੰਗਾਰਦੇ ਹੋਏ ਇਸ ਨੂੰ ਫੱਕੜ ਦਸਦੇ ਹਨ ਤਾਂ ਸਮਾਜ ਝਟਕੇ ਨਾਲ ਜਾਗਦਾ ਹੈ।

ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥ ਨਾਨਕ, ਤਾ ਪਰੁ ਜਾਪੈ, ਜਾ ਪਤਿ ਲੇਖੈ ਪਾਏ ॥1॥
(ਪੰਨਾ-83)

ਭਾਵ ਕਿ ਉੱਚੀ ਜਾਤ ਦੇ ਵਡੱਪਣ ਦਾ ਹੰਕਾਰ ਬਿਲਕੁਲ ਵਿਅਰਥ ਹੈ। ਪਰਮਾਤਮਾ ਨੇ ਸਭ ਨੂੰ ਇਕੋ ਆਕਾਰ ਅਤੇ ਇਕੋ ਜਿਹੀ ਆਤਮਾ ਬਖਸ਼ੀ ਹੈ। ਉੱਚੀ ਜ਼ਾਤ ਜਾਂ ਕੁਲ ਜਾਂ ਵਧੀਆ ਨਾਂ ਭਾਵ ਦੁਨਿਆਵੀ ਮਾਣ ਇੱਜ਼ਤ ਦੇ ਆਸਰੇ ਜੇ ਕੋਈ ਖੁੱਦ ਨੂੰ ਚੰਗਾ ਅਖਵਾਉਣਾ ਚਾਹੇ ਤਾਂ ਉਹ ਸੱਚਮੁੱਚ ਚੰਗਾ ਨਹੀਂ ਬਣ ਜਾਂਦਾ। ਕੋਈ ਵੀ ਮਨੁੱਖ ਉਦੋਂ ਹੀ ਚੰਗਾ ਸਮਝਿਆ ਜਾਣਾ ਚਾਹੀਦਾ ਹੈ ਜਦੋਂ ਉਹ ਸਵੈ-ਪੜਚੋਲ ਰਾਹੀਂ ਆਪਣੇ ਅੰਦਰਲੇ ਛੁਪੇ ਔਗੁਣਾਂ ਨੂੰ ਕੱਢ ਕੇ ਆਪਣੇ ਆਤਮਕ ਜੀਵਨ ਨੂੰ ਉੱਚਾ ਕਰ ਲੈਂਦਾ ਹੈ ਅਤੇ ਸਭ ਵਿਚ ਉਸ ਨੂੰ ਪਰਮਾਤਮਾ ਦੀ ਇਕੋ ਜਿਹੀ ਜੋਤ ਨਜ਼ਰ ਆਉਣ ਲੱਗ ਪੈਂਦੀ ਹੈ। ਉਹ ਖੁਦ ਪਰਮਾਤਮ ਰੂਪ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਦੁਨੀਆਂ ਵਿਚ ਜੀਵ ਵਪਾਰੀ ਪਰਮਾਤਮਾ ਦੇ ਨਾਮ ਦਾ ਵਪਾਰ ਕਰਨ ਆਉਂਦਾ ਹੈ। ਉੱਚੇ ਆਤਮਕ ਜੀਵਨ ਅਮਲ ਵਿਚ, ਇਸ ਦੇ ਇਸੇ ਵਪਾਰ ਦਾ ਲੇਖਾ ਹੁੰਦਾ ਹੈ, ਨਾ ਕਿ ਜ਼ਾਤ ਦਾ ਨਾਮ ਜਾਂ ਦੁਨਿਆਵੀ ਵਡਿਆਈ ਜਾਂ ਦੁਨੀਆਂ ਵਿਚ ਕਮਾਏ ਪੈਸੇ ਦਾ। ਆਪ ਫੁਰਮਾਉਂਦੇ ਹਨ :-

ਜਾਤੀ ਦੈ ਕਿਆ ਹਥਿ, ਸਚੁ ਪਰਖੀਐ ॥
ਮਹੁਰਾ ਹੋਵੈ ਹਥਿ, ਮਰੀਐ ਚਖੀਐ ॥ (ਪੰਨਾ-142)

ਗੁਰੂ ਨਾਨਕ ਸਾਹਿਬ ਕੁਦਰਤੀ ਤਰੀਕੇ ਨਾਲ ਮਹੁਰੇ ਦੀ ਮਿਸਾਲ ਦੇ ਕੇ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਜੇ ਕਿਸੇ ਪਾਸ ਮਹੁਰਾ ਭਾਵ ਜ਼ਹਿਰ ਹੋਵੇ ਤੇ ਉਹ ਖਾ ਲਵੇ ਤਾਂ ਮਰੇਗਾ ਹੀ। ਕੁਦਰਤ ਦਾ ਇਹ ਨਿਯਮ ਸਦਾ ਅਟੱਲ ਹੈ। ਕਦੀ ਵੀ ਨਾ ਬਦਲਿਆ ਹੈ ਤੇ ਨਾ ਹੀ ਬਦਲੇਗਾ। ਜ਼ਹਿਰ ਉੱਚੀ ਜਾਤ ਵਿਚ ਜੰਮਣ ਵਾਲੇ ਦਾ ਲਿਹਾਜ਼ ਨਹੀਂ ਕਰਦਾ। ਦੂਜੇ ਪਾਸੇ ਜੇ ਕੋਈ ਉੱਚੀ ਜ਼ਾਤ ਵਿਚੋਂ ਜੰਮਣ ਦਾ ਹੰਕਾਰ ਕਰਦਾ ਹੈ ਤਾਂ ਇਹ ਹੰਕਾਰ ਵੀ ਜ਼ਹਿਰ ਸਮਾਨ ਹੀ ਹੈ ਅਤੇ ਉਸਦੇ ਆਤਮਕ ਗੁਣਾਂ ਨੂੰ ਹੌਲੀ ਹੌਲ਼ੀ ਮਾਰਦਾ, ਉਸ ਨੂੰ ਆਤਮਕ ਜੀਵਨ ਦੀ ਮੌਤ ਵਲ ਹੀ ਧਕੇਲਦਾ ਹੈ। ਮਿਲਦਾ ਇਸ ਹੰਕਾਰ ਕਾਰਣ ਕੁਝ ਵੀ ਨਹੀਂ। ਪਰਮਾਤਮਾ ਦੇ ਦਰ ਤੇ ਭਾਣੇ ਅੰਦਰ ਚਲਣ ਵਾਲਾ ਹੀ ਉੱਚਾ ਹੈ। ਉਸੇ ਦੀ ਹੀ ਇਜ਼ਤ ਹੈ। ਗੁਰੂ ਸਾਹਿਬ ਇਸ ਸ਼ਬਦ ਰਾਹੀਂ ਕੁਲ ਮਨੁੱਖਤਾ ਨੂੰ "ਹੁਕਮੁ ਰਜਾਈ ਚਲਣਾ" ਦਾ ਢੰਢੋਰਾ ਦਿੰਦੇ ਹੋਏ ਜੀਵਨ ਸੁਆਰ ਕੇ ਅਸਲ ਇੱਜ਼ਤ ਖਟਣ ਲਈ ਪ੍ਰੇਰਦੇ ਹਨ। ਜਿਸ ਨੂੰ ਸੁਣ ਕੇ ਕਈ ਜਾਗੇ ਹੋਏ ਅਤੇ ਜ਼ਾਤੀ ਹੰਕਾਰ ਛੱਡ ਕੇ ਗੁਰੂ ਜੀ ਦੇ ਰਾਹ ਤੇ ਤੁਰ ਪਏ। ਗੁਰੂ ਨਾਨਕ ਸਾਹਿਬ ਜੀਵਨ ਅਮਲ ਵਿਚ ਵੀ ਮਰਦਾਨੇ ਵਰਗੇ ਦੁਨਿਆਵੀ ਤੌਰ ਤੇ ਨੀਚ ਜ਼ਾਤੀ ਵਾਲੇ ਮੁਸਲਮਾਨ ਮਰਾਸੀ ਨੂੰ ਸਾਰੀ ਉਮਰ ਬਰਾਬਰ ਬਿਠਾ ਕੇ ਭਾਈ ਦਾ ਦਰਜਾ ਦਿੰਦੇ ਹੋਏ ਸਤਿਕਾਰ ਦਿੰਦੇ ਹਨ ਤੇ ਗੁਣਾਂ ਦੀ ਸਾਂਝ ਨਾਲ ਉਚ ਨੀਚ ਪਰਖਣ ਦਾ ਬਿਬੇਕ ਬਖਸ਼ਦੇ ਹਨ।

ਲੰਗਰ ਦੀ ਮਰਯਾਦਾ ਤੋਂ ਪਹਿਲਾਂ ਇਸ ਅਮਲ ਦਾ ਜਥੇਬੰਧਕ ਰੂਪ ਭਾਵੇਂ ਸ਼ੁਰੂ ਤਾਂ ਗੁਰੂ ਨਾਨਕ ਸਾਹਿਬ ਤੋਂ ਹੀ ਕਰਤਾਰ ਪੁਰ ਵਿਖੇ ਹੀ ਹੋ ਚੁੱਕਾ ਸੀ। ਫਿਰ ਗੁਰੂ ਅੰਗਦ ਸਾਹਿਬ ਵੇਲੇ ਮਾਤਾ ਖੀਵੀ ਵਰਗੀ ਨੇਕ ਮਾਂ ਨੇ ਸਾਰਿਆਂ ਨੂੰ ਇਕੋ ਜਿਹਾ ਸੁਆਦਲਾ ਤੇ ਬਰਾਬਰੀ ਦਾ ਖੁਆਉਣ ਦੀ ਪਿਰਤ ਜਾਰੀ ਰੱਖੀ, ਪਰ ਇਸ ਅਮਲ ਦਾ ਨਿਵੇਕਲਾ ਰੂਪ ਗੁਰੂ ਅਮਰਦਾਸ ਜੀ ਵਕਤ 'ਪਹਿਲੇ ਪੰਗਤ ਪਾਛੈ ਸੰਗਤ' ਰਾਂਹੀਂ ਉਘੜ ਕੇ ਲੋਕਾਈ ਸਾਹਮਣੇ ਆ ਗਿਆ ਜਦੋਂ ਆਪ ਜੀ ਬਾਦਸ਼ਾਹ ਅਕਬਰ ਨੂੰ ਵੀ ਸਾਂਝੇ ਲੰਗਰ ਵਿਚ ਛਕੇ ਬਿਨ੍ਹਾਂ ਮਿਲਣ ਤੋਂ ਨਾਂਹ ਕਰ ਦਿੰਦੇ ਹਨ ਤੇ ਕੁਲ ਮਨੁੱਖਤਾ ਨੂੰ ਇਕੋ ਨਜ਼ਰ ਨਾਲ ਦੇਖਣ ਦੀ ਪਿਰਤ ਪਾਉਂਦੇ ਹੋਏ ਫੁਰਮਾਉਂਦੇ ਹਨ ਤੇ ਤਾੜਨਾ ਕਰਦੇ ਹਨ ਕਿ

ਜਾਤਿ ਦਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥ (ਪੰਨਾ-1127)

ਭਾਵ ਕੋਈ ਵੀ ਗਲਤੀ ਨਾਲ ਉੱਚੀ ਜਾਤ ਦਾ ਹੰਕਾਰ ਕਰਨ ਨਾ ਬੈਠ ਜਾਣਾ। ਉੱਚੀ ਜਾਤ ਵਾਲਾ ਉਹੀ ਹੈ ਜੋ ਸਵੈ ਪੜਚੋਲ ਰਾਂਹੀ ਆਪਣੇ ਅੰਦਰ ਵਸੇ ਪਰਮਾਤਮਾ ਨੂੰ ਪਹਿਚਾਣ ਕੇ ਬਾਕੀ ਸਭ ਨੂੰ ਪਰਮਾਤਮਾ ਵਾਂਗ ਹੀ ਸਦਾ ਕੁਝ ਦੇਣ ਦੀ ਭਾਵਨਾ ਨਾਲ ਦੇਖੇ। ਜਿਵੇਂ ਘੁਮਿਆਰ ਇਕੋ ਹੀ ਮਿੱਟੀ ਤੋਂ ਕਈ ਤਰ੍ਹਾਂ ਦੇ ਭਾਂਡੇ ਘੜ ਲੈਂਦਾ ਹੈ ਉਸੇ ਤਰ੍ਹਾਂ ਪਰਮਾਤਮਾ ਵਰਗੇ ਇਕੋ ਹੀ ਅਸਲੇ ਤੋਂ ਅਸੀਂ ਸਭ ਪੈਦਾ ਹੋਏ ਹਾਂ। ਜੋ ਮਨੁੱਖ ਇਸ ਤੱਤ ਦੀ ਗਲ ਨੂੰ ਸਮਝ ਲੈਂਦਾ ਹੈ। ਉਹੀ ਅਸਲ ਵਿਚ ਉੱਚੀ ਜ਼ਾਤ ਦਾ ਹੈ।

ਮਾਂ ਦੇ ਪੇਟ ਵਿਚ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਹ ਕਿਸ ਜ਼ਾਤ ਦਾ ਹੈ। ਪਰ ਪਰਮਾਤਮਾ ਸਭ ਨੂੰ ਇਕੋ ਜਿਹੀ ਰਖਵਾਲੀ, ਇਕੋ ਜਿਹੀ ਖੁਰਾਕ, ਇਕੋ ਜਿਹਾ ਖੂਨ ਅਤੇ ਇਕੋ ਜਿਹਾ ਜਨਮ ਅਤੇ ਜੀਵਨ ਬਖਸ਼ਦਾ ਹੈ।

ਗੁਰੂ ਸਾਹਿਬਾਨ ਵਲੋਂ ਸਮੁੱਚੀ ਮਨੁੱਖਤਾ ਲਈ ਚਲਾਏ ਗਏ ਇਸ ਅੰਦੋਲਨ ਦਾ ਸਿਖਰ ਦਸਮ ਪਾਤਸ਼ਾਹ ਨੇ ਖਾਲਸਾ ਸਿਰਜਣਾ ਵਕਤ ਦਰਸਾਇਆ। ਜਦੋਂ ਪੰਜਾਂ ਪਿਆਰਿਆਂ ਵਿਚੋਂ ਚਾਰ ਦੁਨਿਆਵੀ ਤੌਰ ਤੇ ਨੀਚ ਜ਼ਾਤਾਂ ਵਿਚੋਂ ਸਨ, ਪਰ ਉਹ ਆਪਣੀ ਕਰਨੀ ਅਤੇ ਉੱਚੇ ਆਤਮਕ ਜੀਵਨ ਕਾਰਣ ਸਿੱਖ ਪੰਥ ਦੀਆਂ ਸਭ ਤੋਂ ਉੱਚੀਆਂ ਸਖਸ਼ੀਅਤਾਂ ਬਣੇ। ਇਹ ਉਹ ਗੁਰੂ ਪਿਆਰੇ ਸਨ ਜਿਨ੍ਹਾਂ ਤੋਂ ਦਸਮ ਪਿਤਾ ਨੇ ਆਪ ਵੀ ਅੰਮ੍ਰਿਤ ਦੀ ਦਾਤ ਮੰਗ ਕੇ ਲਈ। ਕੁਲ ਮਨੁੱਖਤਾ ਦੇ ਇਤਿਹਾਸ ਵਿਚ ਐਸਾ ਬਰਾਬਰੀ ਦਾ ਅੰਦੋਲਨ ਚਲਿਆ ਵੀ ਪਹਿਲੀ ਵਾਰ ਅਤੇ ਐਸਾ ਪਿਆਰਾ ਇਸ ਨੂੰ ਅਮਲੀ ਜਾਮਾ ਵੀ ਪਹਿਲੀ ਵਾਰ ਹੀ ਪਹਿਨਾਇਆ ਗਿਆ। ਗੁਰੂ ਸਾਹਿਬਾਨ ਨੇ ਜਿੱਥੇ ਨੀਵਿਆਂ ਨੂੰ ਉੱਚੇ ਚੁਕਿਆ ਉਥੇ ਝੂਠਾ ਜ਼ਾਤ ਹੰਕਾਰ ਛੱਡ ਕੇ ਬਰਾਬਰ ਆ ਬੈਠਣ ਵਾਲਿਆਂ ਨੂੰ ਵੀ ਬਰਾਬਰ ਦਾ ਹੀ ਸਤਿਕਾਰ ਦਿੱਤਾ। ਅਸਲੀਅਤ ਵਿਚ ਗੁਰੂ ਸਾਹਿਬਾਨ ਵਲੋਂ ਦਰਸਾਇਆ ਰਾਹ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਹੈ, ਜੇ ਮਨੁੱਖਤਾ ਆਪਣੀਆਂ ਅੱਖਾਂ ਤੋਂ ਝੂਠੀ ਕੱਟੜਤਾ ਦੀ ਪੱਟੀ ਲਾਹ ਦੇਵੇ। ਜਿਸ ਦਿਨ ਐਸਾ ਸੰਭਵ ਹੋ ਸਕਿਆ ਉਸ ਦਿਨ ਫਿਰ "ਮਾਨੁਖ ਕੀ ਜਾਤ ਸਭੈ, ਏਕੈ ਪਹਿਚਾਨਬੋ" ਦਾ ਨਿਸ਼ਾਨਾ ਪੂਰਾ ਹੁੰਦਿਆਂ ਦੇਰ ਨਹੀਂ ਲਗੇਗੀ। ਲੋੜ ਸਿਰਫ ਬਿਬੇਕ ਬੁੱਧ ਨਾਲ ਸੱਚ ਪਰਖਣ ਦੀ ਹੈ।

ਸਿੱਖਾਂ ਦੀ ਅੱਜ ਦੀ ਤਰਸਯੋਗ ਹਾਲਤ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ 239 ਸਾਲਾਂ ਦਾ ਸਮਾਂ ਲਗਾ ਕੇ ਸਵਾਰਿਆ ਤੇ ਸ਼ਿੰਗਾਰਿਆ ਅਤੇ ਜ਼ਾਤ-ਪਾਤ ਦੀ ਲਾਹਨਤ ਤੋਂ ਛੁਟਕਾਰਾ ਦਿਵਾਇਆ ਸੀ, ਅੱਜ ਫਿਰ ਇਸੇ ਚੱਕਰ ਵਿਚ ਫਸ ਰਹੀ ਹੈ। ਅੱਜ ਤੋਂ ਲਗਭਗ ਇਕ ਸੋ ਪੱਚੀ ਸਾਲ ਪਹਿਲਾਂ, ਜਦ ਸਿੰਘ ਸਭਾ ਲਹਿਰ ਆਰੰਭ ਹੋਈ ਸੀ, ਉਸ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਦੀ ਇਹ ਸਿੱਖਿਆ ਅੱਜ ਵੀ ਸਾਨੂੰ ਜਗਾਉਣ ਦਾ ਤਰਲਾ ਲੈ ਰਹੀ ਹੈ। ਕਾਸ਼! ਅਸੀਂ ਜਾਗੀਏ ਅਤੇ ਜ਼ਾਤ-ਪਾਤ ਰਹਿਤ, ਸਮਾਜ ਸਿਰਜੀਏ। ਉਹਨਾਂ ਦੇ ਬਚਨ ਇਸ ਪ੍ਰਕਾਰ ਹਨ :

ਕੌਣ ਸਿੱਖ ਹੁੰਦੇ ਹੋ ਭਾਈ? ਮੈਂ ਅਰੋੜਾ ਇਹ ਹੈ ਨਾਈ।
ਤੇਰੀ ਸਿੰਘਾ ਕੀ ਹੈ ਜ਼ਾਤ? ਨਾਮਾਂ, ਬੰਸੀ, ਛੀਂਬਾ, ਕ੍ਰਾਤ।
ਤੇਰਾ ਦੁੱਧ ਕੌਣ ਹੈ ਪਯਾਰੇ? ਅਸੀਂ ਸਿੰਘ ਹਾਂ ਜੱਟ ਕਰਾਰੇ।
ਤੇਰਾ ਜਨਮ ਕਿਨ੍ਹਾਂ ਦੇ ਘਰ ਦਾ? ਮੈਂ ਹਾਂ ਮਹਿਰਾ ਪਾਣੀ ਭਰਦਾ।
ਤੈਂ ਨਾ ਦੱਸਿਆ ਅਪਨਾ ਹਾਲ? ਆਹਲੂ ਵਾਲੇ ਅਸੀਂ ਕਲਾਲ।
ਤੂੰ ਭੀ ਅਪਨਾ ਗੋਤ ਬਖਾਨ? ਕਾਰੀਗਰ ਹਾਂ ਅਸੀਂ ਤ੍ਰਖਾਨ।
ਤੁਸਾਂ ਕਿਨ੍ਹਾਂ ਘਰ ਵਾਸਾ ਲੀਆ? ਬ੍ਰਾਹਮਣ ਜਨਮ ਰੱਬ ਨੇ ਦੀਆ।
ਕੀ ਕੁਝ ਕਰਦੇ ਤੇਰੇ ਘਰ ਦੇ? ਹੈਨ ਖਤਰੀ ਹੱਟੀ ਕਰਦੇ।
ਤੈਂ ਕਹੁ ਚੁੱਪ ਭਲੀ ਕਿਉਂ ਕੀਤੀ? ਜ਼ਾਤ ਸਾਇਣੀ ਆਪਾਂ ਲੀਤੀ।
ਤੂੰ ਭੀ ਕਹੁ ਅਪਨਾ ਅਲਸੇਟਾ? ਮੈਂ ਰੰਘਰੇਟਾ ਗੁਰ ਕਾ ਬੇਟਾ।
ਤੈਂ ਕਿਉਂ ਜੁਦੀ ਲਗਾਈ ਤਾੜੀ? ਰਵਿਦਾਸ ਭਗਤ ਦੀ ਹਾਂ ਮੈਂ ਵਾੜੀ।
ਤੈਂ ਨਾ ਦੱਸਿਆਂ ਗੋਤ ਪਿਆਰੇ? ਮਾਈ ਪੋਤਰੇ ਹਾਂ ਸੁਨਿਆਰੇ।
ਕਹਿ ਦੇ ਝਬਦੇ ਤੂੰ ਭੀ ਕੁੱਝ? ਨਾਉਂ ਰਹਿਤੀਏ ਸਾਡਾ ਬੁੱਝ।
ਤੇਰੀ ਕੀ ਹੈ ਜ਼ਾਤ ਸਿਆਣੇ? ਬਚਿਤ੍ਰ ਸਿੰਘੀਏ ਸਿੰਘ ਲੁਬਾਣੇ।
ਤੁਸੀਂ ਬੈਠ ਕਿਉਂ ਰਹੇ ਇਕੱਲੇ? ਹਮ ਸਿੱਖਾਂ ਹੈਂ ਬਾਵੇ ਭੱਲੇ।
ਤੂੰ ਕਯਾ ਬੈਠਾ ਪਾਇ ਝੰਬੇਲਾ? ਬੇਦੀ ਬਾਵਾ ਸਮਝ ਸੁਹੇਲਾ।

***

ਸ਼ਬਦ ਵੀਚਾਰ

10. ਆਸਾ ਮਹਲਾ 5 ॥ (ਪੰਨਾ : 386)

ਜਿਸੁ ਨੀਚ ਕਉ, ਕੋਈ ਨ ਜਾਨੈ॥
ਨਾਮੁ ਜਪਤ, ਉਹੁ ਚਹੁ ਕੁੰਟ ਮਾਨੈ ॥ 1 ॥
ਦਰਸਨੁ ਮਾਗਉ, ਦੇਹਿ ਪਿਆਰੇ ॥
ਤੁਮਰੀ ਸੇਵਾ, ਕਉਨ ਕਉਨ ਨ ਤਾਰੇ ॥ 1 ਰਹਾਉ॥
ਜਾ ਕੈ ਨਿਕਟਿ, ਨ ਆਵੈ ਕੋਈ ॥

ਸਗਲ ਸ੍ਰਿਸਟਿ, ਉਆ ਕੇ ਚਰਨ ਮਲਿ ਧੋਈ ॥ 2 ॥
ਜੋ ਪ੍ਰਾਨੀ, ਕਾਹੂ ਨ ਆਵਤ ਕਾਮ ॥
ਸੰਤ ਪ੍ਰਸਾਦਿ, ਤਾ ਕੋ ਜਪੀਐ ਨਾਮ ॥ 3 ॥
ਸਾਧਸੰਗਿ, ਮਨ ਸੋਵਤ, ਜਾਗੇ ॥
ਤਬ ਪ੍ਰਭ, ਨਾਨਕ, ਮੀਠੇ ਲਾਗੇ ॥ 4 ॥

ਉਚਾਰਣ ਸੇਧਾਂ:– ਚਹੁ-ਚਹੁੰ। ਦਰਸਨ-ਦਰਸ਼ਨ। ਮਾਗਉ-ਮਾਗਉਂ। ਸ੍ਰਿਸਟਿ-ਸ੍ਰਿਸ਼ਟਿ। ਕਾਹੂ-ਕਾਂਹੂੰ।

ਪਦ ਅਰਥ:– ਚਹੁ ਕੁੰਟ-ਚਾਰੇ ਪਾਸੇ। ਮਾਨੈ-ਮਾਣ ਪਾਉਂਦਾ ਹੈ। ਕਉਨ ਕਉਨ-ਹਰੇਕ ਨੂੰ। ਸੰਤ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਨਾਨਕ-ਹੇ! ਨਾਨਕ।

ਭੂਮਿਕਾ:– ਇਸ ਸ਼ਬਦ ਵਿਚ ਗੁਰਦੇਵ ਸਰਬਸ਼ਕਤੀਮਾਨ ਵਾਹਿਗੁਰੂ ਜੀ ਦੇ ਦਰਸ਼ਨਾਂ ਲਈ ਬੇਨਤੀ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਰਾਹ ਤੇ ਤੁਰਨ ਵਾਲੇ ਪਹਿਲਾਂ ਭਾਵੇਂ ਅਤਿ ਨੀਚ ਹੀ ਗਿਣੇ ਜਾਂਦੇ ਹੋਣ, ਪਰ ਇਸ ਰਾਹ ਤੇ ਤੁਰ ਕੇ ਉਹ ਸਰਬਸ੍ਰੇਸ਼ਟ ਮਨੁੱਖ ਹੋ ਜਾਂਦੇ ਹਨ। ਹਰ ਇਕ ਉਹ ਇਨਸਾਨ ਜੋ ਪ੍ਰਮਾਤਮਾ ਦੇ ਰਾਹ ਤੁਰਦਾ ਹੈ ਹੋਰਨਾਂ ਸਭਨਾਂ ਅਤੇ ਆਪਣੇ ਆਪ ਵਿਚ ਵੱਸ ਰਹੇ ਪਰਮਾਤਮਾ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ। ਉਸ ਦਾ ਜੀਵਨ ਰਾਹ ਹੀ ਬਦਲ ਜਾਂਦਾ ਹੈ। ਜਦੋਂ ਉਹ ਹਰ ਕਿਸੇ ਵਿਚ ਪਰਮਾਤਮਾ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ ਤਾਂ ਫਿਰ ਕਿਸੇ ਨੂੰ ਨਾ ਤਾਂ ਮੰਦਾ ਬੋਲਦਾ ਹੈ ਅਤੇ ਨਾ ਹੀ ਕਹਿੰਦਾ ਹੈ। ਆਪ ਮੁਹਾਰੇ ਹੀ ਉਸਦਾ ਜੀਵਨ ਅਸਲ ਚੰਗਿਆਈਆਂ ਵਲ ਨੂੰ ਤੁਰ ਪੈਂਦਾ ਹੈ ਅਤੇ ਇਹੀ ਅਸਲ ਧਰਮ ਹੈ। ਇਸ ਤਰ੍ਹਾਂ ਦੇ ਅਸਲ ਧਰਮ ਦੀ ਸੋਝੀ ਸਤਿਸੰਗਤ ਰਾਹੀਂ ਮਿਲਦੀ ਹੈ।

ਭਾਵ ਅਰਥ:– ਉਪਰੋਕਤ ਸ਼ਬਦ ਅਨੁਸਾਰ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੂੰ ਦੁਨੀਆਂ ਵਿਚ ਨੀਚ ਗਿਣਿਆ ਜਾਂਦਾ ਹੋਵੇ ਅਤੇ ਉਸ ਨੂੰ ਕੋਈ ਵੀ ਨਾ ਜਾਣਦਾ ਹੋਵੇ। ਉਹ ਇਨਸਾਨ ਵੀ ਪਰਮਾਤਮਾ ਦੇ ਰਾਹ ਤੇ ਤੁਰਨ ਨਾਲ, ਪਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਸਾਰੇ ਸੰਸਾਰ ਵਿਚ ਮਾਣ ਪਾ ਜਾਂਦਾ ਹੈ। ਇਸ ਲਈ ਹੇ! ਵਾਹਿਗੁਰੂ ਜੀ ਆਪ ਇਸ ਨੀਚ ਤੇ ਵੀ ਕਿਰਪਾ ਕਰਕੇ ਉਸਨੂੰ ਆਪਣੇ ਦਰਸ਼ਨਾਂ ਦੀ ਦਾਤ ਬਖਸ਼ ਦਿਓ। ਆਪ ਜੀ ਦਾ ਨਾਮ ਸਿਮਰਨ ਕਰਨ ਵਾਲਾ ਹਰ ਇਕ ਮਨੁੱਖ ਤਰ ਜਾਂਦਾ ਹੈ ਭਾਵ ਸੁੱਚੇ ਜੀਵਨ ਦਾ ਧਾਰਨੀ ਹੋ ਜਾਂਦਾ ਹੈ। ਜਿਸ ਮਨੁੱਖ ਦੇ ਕੋਈ ਨੇੜੇ ਵੀ ਨਹੀਂ ਆਉਂਦਾ, ਧਰਮੀ ਬਨਣ ਨਾਲ ਸਾਰੀ ਦੁਨੀਆਂ ਉਸਦੇ ਪਿੱਛੇ ਲੱਗ ਤੁਰਦੀ ਹੈ, ਭਾਵ ਉਸ ਨੂੰ ਬਹੁਤ ਜ਼ਿਆਦਾ ਮਾਣ ਸਤਿਕਾਰ ਦੇਣ ਲੱਗ ਪੈਂਦੀ ਹੈ । ਜੋ ਮਨੁੱਖ ਪਹਿਲਾਂ ਦੁਨੀਆਂ ਵਿਚ ਕਿਸੇ ਕੰਮ ਦਾ ਵੀ ਨਹੀਂ ਗਿਣਿਆ ਜਾਂਦਾ, ਉਹੀ ਮਨੁੱਖ ਨਾਮ ਸਿਮਰਨ ਦੀ ਬਰਕਤ ਨਾਲ ਅਤੇ ਸਤਸੰਗਤ ਕਾਰਣ ਹਰ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਜਾਣ ਲੱਗ ਪੈਂਦਾ ਹੈ। ਗੁਰਦੇਵ ਫੁਰਮਾਉਂਦੇ ਹਨ ਕਿ ਸਤਸੰਗਤ ਨਾਲ ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤਾ ਮਨ ਜਾਗ ਪੈਂਦਾ ਹੈ ਤੇ ਆਤਮਕ ਜੀਵਨ ਦੀ ਸੋਝੀ ਹੋ ਜਾਂਦੀ ਹੈ। ਜੀਵਨ ਸੁਚੱਜੇ ਮਾਰਗ ਤੇ ਚੱਲ ਪੈਂਦਾ ਹੈ, ਅਤੇ ਹਰ ਇੱਕ ਮਨੁੱਖ ਵਿਚ ਇਕਸਾਰ ਵੱਸ ਰਹੇ ਵਾਹਿਗੁਰੂ ਜੀ

ਮਿੱਠੇ ਲੱਗਣ ਲੱਗ ਪੈਂਦੇ ਹਨ। ਭਾਵ ਕਿ ਉਹ ਇਨਸਾਨ ਸਭ ਨੂੰ ਇਕੋ ਜਿਹਾ ਪਿਆਰ ਕਰਨ ਲੱਗ ਪੈਂਦਾ ਹੈ।

ਸਾਰੰਸ਼ :– ਉਪਰੋਕਤ ਸ਼ਬਦ ਅਨੁਸਾਰ ਜਿਸ ਮਨੁੱਖ ਨੇ ਵੀ ਪਰਮਾਤਮਾ ਦੇ ਨਾਮ ਸਿਮਰਨ ਦਾ ਰਾਹ ਅਪਣਾ ਲਿਆ ਅਤੇ ਸਭ ਵਿਚ ਉਸ ਨੂੰ ਪਹਿਚਾਣ ਲਿਆ, ਉਸ ਮਨੁੱਖ ਦਾ ਜੀਵਨ ਭਾਵੇਂ ਪਹਿਲਾਂ ਕਿਤਨਾ ਵੀ ਮਾੜਾ ਰਿਹਾ ਹੋਵੇ, ਇਸ ਰਾਹ ਤੇ ਤੁਰਨ ਨਾਲ ਉਸਨੂੰ ਵੱਧ ਤੋਂ ਵੱਧ ਦੁਨਿਆਵੀ ਸਤਿਕਾਰ ਤਾਂ ਪ੍ਰਾਪਤ ਹੁੰਦਾ ਹੀ ਹੈ ਪਰ ਨਾਲ ਹੀ ਆਤਮਕ ਸੋਝੀ ਆ ਜਾਣ ਕਰਕੇ ਜੀਵਨ ਦਾ ਸੁਆਦ ਵੀ ਆ ਜਾਂਦਾ ਹੈ। ਇਸ ਤਰ੍ਹਾਂ ਸਤਸੰਗਤ ਦੇ ਵਿਚ ਰਹਿ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਸੁਚੱਜਾ ਜੀਵਨ ਜਿਉਣਾ ਹੀ ਅਸਲ ਮਨੁੱਖੀ ਧਰਮ ਹੈ।

***

11. ਰਾਮਕਲੀ ਮਹਲਾ 3 ਆਨੰਦੁ (ਪੰਨਾ : 922)

ਏ ਨੇਤ੍ਰਹੁ ਮੇਰਿਹੋ, ਹਰਿ, ਤੁਮ ਮਹਿ ਜੋਤਿ ਧਰੀ,
ਹਰਿ ਬਿਨੁ, ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ, ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ, ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,
ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ, ਜਾ ਵੇਖਾ ਹਰਿ ਇਕੁ ਹੈ,
ਹਰਿ ਬਿਨੁ, ਅਵਰੁ ਨ ਕੋਈ ॥
ਕਹੈ ਨਾਨਕੁ, ਏਹਿ ਨੇਤ੍ਰ ਅੰਧ ਸੇ,
ਸਤਿਗੁਰਿ ਮਿਲਿਐ, ਦਿਬ ਦ੍ਰਿਸਟਿ ਹੋਈ॥

ਉਚਾਰਣ ਸੇਧਾਂ:– ਮਹਿ-ਮਹਿੰ। ਵਿਸੁ-ਵਿਸ਼। ਜਾ-ਜਾਂ। ਵੇਖਾ-ਵੇਖਾਂ। ਦ੍ਰਿਸਟਿ-ਦ੍ਰਿਸ਼ਟ।

ਪਦ ਅਰਥ:– ਨਿਹਾਲਿਆ-ਨਿਹਾਲੋ, ਵੇਖੋ। ਵਿਸੁ- ਵਿਸ਼ਵ, ਸੰਸਾਰ। ਅੰਧ ਸੇ-ਅੰਨਿਆਂ ਵਰਗੇ ਸਨ। ਦਿਬ-ਗਿਆਨ।

ਭੂਮਿਕਾ:– ਮਨੁੱਖ ਦੀਆਂ ਸਾਰੀਆਂ ਗਿਆਨ ਇੰਦ੍ਰੀਆਂ ਬਾਹਰਲੇ ਭਾਵਾਂ ਨੂੰ ਸਰੀਰਕ ਰੂਪ ਵਿਚ ਮਹਿਸੂਸ ਕਰਕੇ ਦਿਮਾਗ ਤਕ ਪਹੁੰਚਾਉਣ ਦਾ ਕੰਮ ਕਰਦੀਆਂ ਹਨ ਅਤੇ ਦਿਮਾਗ ਵਾਪਸ ਇਨ੍ਹਾਂ ਰਾਹੀਂ ਹੀ ਸੁਨੇਹੇ ਬਾਹਰ ਭੇਜਣ ਦਾ ਕੰਮ ਕਰਦਾ ਹੈ। ਇਨ੍ਹਾਂ ਵਿਚੋਂ ਅੱਖਾਂ ਦਾ ਕੰਮ ਅਤਿ ਮਹੱਤਵ ਪੂਰਣ ਹੈ। ਅੱਖਾਂ ਬਾਹਰਲੇ ਸਾਰੇ ਰੂਪ ਨੂੰ ਮੁੜ-ਮੁੜ ਦੇਖਦੀਆਂ ਅਤੇ ਦਿਮਾਗ ਨੂੰ ਸੰਦੇਸ਼ ਦਿੰਦੀਆਂ ਹਨ ਅਤੇ ਦਿਮਾਗ ਮਨ ਨੂੰ ਇਨ੍ਹਾਂ ਦੇ ਸੰਦੇਸ਼ ਮੁਤਾਬਕ ਸਮਝਾ ਦਿੰਦਾ ਹੈ। ਉਪਰੋਕਤ ਸ਼ਬਦ ਵਿਚੋਂ ਗੁਰਦੇਵ ਅੱਖਾਂ ਦੇ ਮਹੱਤਵਪੂਰਣ ਹੋਣ ਤੋਂ ਜਾਣੂ ਕਰਵਾਉਂਦਿਆਂ, ਨਾਲ ਹੀ ਪ੍ਰੇਰਣਾ ਕਰਦੇ ਹਨ ਕਿ ਹੇ ਮਨੁੱਖ ਤੂੰ ਇਨ੍ਹਾਂ ਅੱਖਾਂ ਰਾਹੀਂ ਸਭ ਵਿਚ ਵਸਦੇ ਪਰਮਾਤਮਾ ਦੀ ਪਹਿਚਾਣ ਕਰਨ ਦੀ ਕੋਸ਼ਿਸ਼ ਕਰ।

ਇਨ੍ਹਾਂ ਅੱਖਾਂ ਲਈ ਸਭ ਤੋਂ ਮਹੱਤਵਪੂਰਣ ਕੰਮ ਇਹੀ ਹੈ ਕਿ ਇਹ ਸੰਸਾਰ ਵਿਚ ਵਸਦੇ ਪਰਮਾਤਮਾ ਨੂੰ ਅਨੁਭਵ ਕਰਕੇ ਆਤਮਕ ਸੋਝੀ ਪ੍ਰਗਟ ਕਰਨ।

ਭਾਵ ਅਰਥ:– ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਮੇਰੀਓ ਅਖੀਓ! ਪਰਮਾਤਮਾ ਨੇ ਹੀ ਤੁਹਾਨੂੰ ਆਪਣੀ ਜੋਤ ਦੇ ਕੇ ਦੇਖਣ ਯੋਗ ਕੀਤਾ ਹੈ। ਇਸ ਲਈ ਤੁਸੀਂ ਹਰ ਥਾਂ ਤੇ ਉਸ ਨੂੰ ਹੀ ਅਨੁਭਵ ਕਰੋ। ਤੁਹਾਨੂੰ ਕਦੀ ਵੀ ਐਸਾ ਮਹਿਸੂਸ ਨਾ ਹੋਵੇ ਕਿ ਕਿਤੇ ਪਰਮਾਤਮਾ ਤੋਂ ਬਿਨਾਂ ਕੁਝ ਹੋਰ ਵੀ ਹੈ। ਦੁਨੀਆਂ ਦੀ ਹਰ ਚੀਜ਼ ਅਤੇ ਹਰ ਜੀਵ ਵਿਚ ਤੁਹਾਨੂੰ ਪਰਮਾਤਮਾ ਹੀ ਅਨੁਭਵ ਹੋਵੇ। ਇਹੀ ਤੁਹਾਡਾ ਮੁੱਖ ਕੰਮ ਹੈ ਸੱਚੇ ਗੁਰੂ ਦੀ ਕਿਰਪਾ ਨਾਲ ਮੈਨੂੰ ਹੁਣ ਆਤਮਕ ਤੌਰ ਤੇ ਇਹ ਸੋਝੀ ਹੋਈ ਹੈ ਕਿ ਸਾਰਾ ਸੰਸਾਰ ਉਸ ਵਾਹਿਗੁਰੂ ਜੀ ਦਾ ਹੀ ਰੂਪ ਹੈ। ਇਸ ਲਈ ਮੈਨੂੰ ਹੁਣ ਹਰ ਥਾਂ ਅਤੇ ਹਰ ਜੀਵ ਵਿਚ ਉਹ ਆਪ ਹੀ ਨਜ਼ਰ ਆਉਂਦੇ ਹਨ। ਗੁਰਦੇਵ ਫੁਰਮਾਉਂਦੇ ਹਨ ਕਿ ਪਹਿਲਾਂ ਇਹੀ ਅੱਖਾਂ ਦੁਨਿਆਵੀ ਮੋਹ ਮਾਇਆ ਕਾਰਣ ਅੰਨ੍ਹੀਆਂ ਹੋਈਆਂ ਸਨ। ਪਰ ਸੱਚੇ ਗੁਰੂ ਤੋਂ ਮਿਲਣ ਵਾਲੇ ਆਤਮਕ ਗਿਆਨ ਕਾਰਣ ਇਨ੍ਹਾਂ ਨੂੰ ਸੋਝੀ ਆ ਗਈ। ਗਿਆਨ ਦੀ ਰੌਸ਼ਨੀ ਮਿਲਣ ਕਾਰਣ ਹੁਣ ਇਨ੍ਹਾਂ ਨੂੰ ਹਰ ਥਾਂ ਤੇ ਵਾਹਿਗੁਰੂ ਜੀ ਨਜ਼ਰ ਆਉਣ ਲੱਗ ਪਏ ਹਨ ।

ਸਾਰੰਸ਼:– ਉਪਰੋਕਤ ਸ਼ਬਦ ਅਨੁਸਾਰ ਮਨੁੱਖ ਨੂੰ ਜਦੋਂ ਤੱਕ ਸਤਿਸੰਗ ਵਿਚੋ ਜਾਂ ਸੱਚੇ ਗੁਰੂ ਕੋਲੋਂ ਆਤਮਕ ਗਿਆਨ ਪ੍ਰਾਪਤ ਨਹੀਂ ਹੁੰਦਾ, ਉਤਨੀ ਦੇਰ ਤਕ ਉਸ ਦੀਆਂ ਅੱਖਾਂ ਤੇ ਅਗਿਆਨ ਦਾ ਅੰਧੇਰਾ ਹੀ ਰਹਿੰਦਾ ਹੈ। ਉਹ ਮਨ ਵਿਚ ਵੈਰ-ਭਾਵ ਅਤੇ ਮੇਰ-ਤੇਰ ਰੱਖੀ ਰੱਖਦਾ ਹੈ। ਪਰ ਜਦ ਗੁਰੂ ਦੀ ਬਖਸ਼ਿਸ਼ ਨਾਲ ਸਮਝ ਆ ਜਾਂਦੀ ਹੈ ਤਾਂ ਸਭ ਵਿਚ ਉਸ ਪਰਮਾਤਮਾ ਦੀ ਪਹਿਚਾਣ ਹੋ ਜਾਂਦੀ ਹੈ ਭਾਵ ਸਭ ਬਰਾਬਰ ਤੇ ਇਕੋ ਜਿੰਨੇ ਸਤਿਕਾਰ ਦੇ ਪਾਤਾਰ ਹੋ ਜਾਂਦੇ ਹਨ ਤਾਂ ਜੀਵਨ ਆਪਣੇ ਆਪ ਇਕ ਸੁਚੱਜੇ ਧਰਮ ਮਾਰਗ ਤੇ ਤੁਰ ਪੈਂਦਾ ਹੈ ਤੇ ਇਸ ਤਰ੍ਹਾਂ ਈਰਖਾ, ਨਫਰਤ ਤੇ ਸਾੜਾ ਸਭ ਖਤਮ ਹੋ ਕੇ ਸਿਰਫ ਪਿਆਰ ਦਾ ਪਸਾਰਾ ਹੋਣ ਨਾਲ ਸਦੀਵੀਂ ਖੇੜੇ ਦਾ ਮਾਹੌਲ ਬਣ ਜਾਂਦਾ ਹੈ।

***

12. ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ 1 (ਪੰਨਾ : 525)

ਜੌ ਰਾਜੁ ਦੇਹਿ, ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ, ਤ ਕਿਆ ਘਟਿ ਜਾਈ॥ 1 ॥
ਤੂੰ ਹਰਿ ਭਜੁ, ਮਨ ਮੇਰੇ, ਪਦੁ ਨਿਰਬਾਨੁ ॥
ਬਹੁਰਿ, ਨ ਹੋਇ ਤੇਰਾ ਆਵਨ ਜਾਨੁ ॥ 1 ॥ ਰਹਾਉ ॥
ਸਭ ਤੈ ਉਪਾਈ, ਭਰਮ ਭੁਲਾਈ ॥
ਜਿਸ ਤੂੰ ਦੇਵਹਿ, ਤਿਸਹਿ ਬੁਝਾਈ ॥ 2 ॥
ਸਤਿਗੁਰੁ ਮਿਲੇ, ਤ ਸਹਸਾ ਜਾਈ ॥
ਕਿਸੁ ਹਉ ਪੂਜਉ, ਦੂਜਾ ਨਦਰਿ ਨ ਆਈ ॥ 3 ॥

ਏਕੈ ਪਾਥਰ, ਕੀਜੈ ਭਾਉ ॥ ਦੂਜੈ ਪਾਥਰ, ਧਰੀਐ ਪਾਉ ॥
ਜੇ ਓਹੁ ਦੇਉ, ਤ ਓਹੁ ਭੀ ਦੇਵਾ ॥
ਕਹਿ ਨਾਮਦੇਉ, ਹਮ ਹਰਿ ਕੀ ਸੇਵਾ ॥ 4 ॥

ਉਚਾਰਣ ਸੇਧਾਂ:– ਦੇਹਿ-ਦੇਹਿਂ। ਤ-ਤਂ। ਮੰਗਾਵਹਿ-ਮੰਗਾਵਹਿਂ। ਤੈ-ਤੈਂ। ਦੇਵਹਿ-ਦੇਵਹਿਂ। ਸਹਸਾ-ਸਹਂਸਾ। ਹਉ-ਹਉਂ। ਪੂਜਉ-ਪੂਜਉਂ। ਪਾਉ-ਪਾਉਂ ।

ਪਦ ਅਰਥ:– ਨਿਰਬਾਨ-ਵਾਸ਼ਨਾ ਰਹਿਤ। ਤੈ-ਤੂੰ। ਸਹਸਾ-ਭਰਮ। ਭਾਉ-ਸਤਿਕਾਰ। ਪਾਉ-ਪੈਰ।

ਭੂਮਿਕਾ:– ਉਪਰੋਕਤ ਸ਼ਬਦ ਵਿਚ ਭਗਤ ਨਾਮਦੇਵ ਜੀ ਮਨੁੱਖ ਨੂੰ ਸਦਾ ਵਾਹਿਗੁਰੂ ਜੀ ਦੇ ਨਾਮ ਸਿਮਰਨ ਵਿਚ ਲੱਗੇ ਰਹਿਣ ਲਈ ਪ੍ਰੇਰਦੇ ਹਨ, ਅਤੇ ਫੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਨੂੰ ਬਿਨਾਂ ਕਿਸੇ ਇੱਛਾ ਦੇ ਯਾਦ ਕਰਨ ਨਾਲ ਮਨੁੱਖ ਫਿਰ ਮੌਤ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਲੇਕਿਨ ਇਸ ਆਤਮਕ ਸੋਝੀ ਤਕ ਪਹੁੰਚਣ ਲਈ ਪੂਰੇ ਗੁਰੂ ਦੀ ਲੋੜ ਹੈ। ਪੂਰੇ ਗੁਰੂ ਦੇ ਉਪਦੇਸ਼ ਨੂੰ ਪੂਰੇ ਮਨ ਨਾਲ ਅਮਲ ਵਿਚ ਲਿਆਉਣ ਤੇ ਹੀ ਜੀਵਨ ਨਿਖਰਦਾ ਹੈ ਅਤੇ ਜੀਵਨ ਦੇ ਮਾਇਆ ਦੇ ਮੋਹ ਤੋਂ ਇਨਸਾਨ ਉੱਪਰ ਉਠ ਜਾਂਦਾ ਹੈ। ਫਿਰ ਭਾਵੇਂ ਉਹ ਕਿਸੇ ਵੀ ਹਾਲ ਵਿਚ ਹੋਵੇ, ਪਰਮਾਤਮਾ ਦਾ ਸ਼ੁਕਰਾਨਾ ਕਰਦਾ ਹੀ ਨਜ਼ਰ ਆਉਂਦਾ ਹੈ।

ਭਾਵ ਅਰਥ :– ਭਗਤ ਜੀ ਫੁਰਮਾਉਂਦੇ ਹਨ ਕਿ ਹੇ ! ਵਾਹਿਗੁਰੂ ਜੀ ਅਗਰ ਆਪ ਜੀ ਕਿਸੇ ਮਨੁੱਖ ਨੂੰ ਰਾਜ ਦੇ ਦਿਓ ਤਾਂ ਉਸ ਦੀ ਕੀ ਵਡਿਆਈ ਹੋਵੇਗੀ, ਕਿਉਂਕਿ ਦੇਣ ਵਾਲੇ ਵਾਹਿਗੁਰੂ ਜੀ ਆਪ ਹਨ ਅਤੇ ਇਸੇ ਤਰ੍ਹਾਂ ਜੇ ਕਿਸੇ ਨੂੰ ਭੀਖ ਮੰਗਣੀ ਪੈ ਜਾਵੇ ਤਾਂ ਵੀ ਉਸਦਾ ਕੀ ਘੱਟ ਜਾਵੇਗਾ, ਕਿਉਂਕਿ ਜੇ ਰਾਜ ਦੇਣ ਵਾਲੇ ਵਾਹਿਗੁਰੂ ਜੀ ਆਪ ਹਨ ਤਾਂ ਤੰਗੀ ਦੇਣ ਵਾਲੇ ਵੀ ਉਹ ਆਪ ਹੀ ਹਨ। ਇਸ ਲਈ ਮਨੁੱਖ ਨੂੰ ਹਰ ਹਾਲ ਵਿਚ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਸ਼ੁਕਰਾਨੇ ਦੇ ਭਾਵ ਵਿਚ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਇਨਸਾਨ ਜਨਮ ਮਰਣ ਦੇ ਸਹਿਮ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਸਾਰੀ ਸ੍ਰਿਸ਼ਟੀ ਇਕੋ ਵਾਹਿਗੁਰੂ ਜੀ ਦੀ ਹੀ ਬਣਾਈ ਹੋਈ ਹੈ, ਪਰ ਭਰਮਾਂ ਵਿਚ ਪਈ ਅੱਡ ਅੱਡ ਨਜ਼ਰ ਆਉਂਦੀ ਹੈ। ਪਰ ਇਸ ਸਭ ਭੇਦ ਦੀ ਸਮਝ ਵੀ ਉਸੇ ਨੂੰ ਹੀ ਪੈਂਦੀ ਹੈ, ਜਿਸ ਉੱਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਹੋ ਜਾਵੇ। ਇਸ ਬਖਸ਼ਿਸ਼ ਨੂੰ ਪਾਉਣ ਲਈ ਪੂਰੇ ਗੁਰੂ ਦੀ ਜ਼ਰੂਰਤ ਪੈਂਦੀ ਹੈ। ਪੂਰੇ ਗੁਰੂ ਦੇ ਮਿਲ ਪੈਣ ਨਾਲ ਇਨਸਾਨ ਦੇ ਜੀਵਨ ਦਾ ਰਾਹ ਸਿੱਧਾ-ਪੱਧਰਾ ਹੋ ਜਾਂਦਾ ਹੈ। ਇਨਸਾਨ ਨੇਕ ਅਤੇ ਸ਼ੁਭ ਗੁਣਾਂ ਦਾ ਧਾਰਣੀ ਹੋ ਕੇ ਸਾਫ-ਸੁੱਥਰਾ ਜੀਵਨ ਜੀਉਂਦਾ ਹੈ। ਇਸ ਤਰ੍ਹਾਂ ਉਸ ਦਾ ਆਤਮਕ ਪੱਧਰ ਵੀ ਉੱਚਾ ਉੱਠ ਜਾਂਦਾ ਹੈ ਅਤੇ ਉਸ ਨੂੰ ਹਰ ਇਕ ਦੇ ਵਿਚ ਪਰਮਾਤਮਾ ਹੀ ਨਜ਼ਰ ਆਉਣ ਲੱਗ ਪੈਂਦਾ ਹੈ। ਜਦੋਂ ਮਨੁੱਖ ਅਨੁਭਵਾਂ ਦੀ ਐਸੀ ਮੰਜ਼ਿਲ ਤੇ ਪਹੁੰਚਦਾ ਹੈ ਤਾਂ ਉਹ ਕਿਸੇ ਨਾਲ ਵੀ ਮੇਰ ਤੇਰ ਨਹੀਂ ਕਰ ਸਕਦਾ, ਕਿਉਂਕਿ ਸਾਰੀ ਸ੍ਰਿਸ਼ਟੀ ਦੀ ਹਰ ਵਸਤੂ ਹੀ ਉਸ ਨੂੰ ਰੱਬ ਰੂਪ ਨਜ਼ਰ ਆਉਣ ਲੱਗ ਪੈਂਦੀ ਹੈ। ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਐਸੇ ਮਨੁੱਖ ਨੂੰ ਪੱਥਰ ਪੂਜ ਕੇ ਰੱਬ ਮੰਨਣ ਦੀ ਕੋਸ਼ਿਸ਼

ਕਰਨ ਦੀ ਜ਼ਰੂਰਤ ਨਹੀਂ, ਕਿਉਂਕਿ ਉਸ ਕੋਲ ਇਤਨੀ ਆਤਮਕ ਸੂਝ ਹੈ ਕਿ ਉਹ ਸਮਝ ਸਕਦਾ ਹੈ ਕਿ ਅਸੀਂ ਇੱਕ ਪੱਥਰ ਦੀ ਤਾਂ ਮੰਦਰਾਂ ਵਿਚ ਰੱਬ ਸਮਝ ਕੇ ਪੂਜਾ ਕਰਦੇ ਹਾਂ ਅਤੇ ਉਸੇ ਮੰਦਰ ਦੇ ਬਾਹਰ ਪੌੜੀ ਤੇ ਪਏ ਪੱਥਰ ਤੇ ਪੈਰ ਧਰ ਕੇ ਚੜਦੇ ਹਾਂ। ਹੈਨ ਤਾਂ ਦੋਵੇਂ ਹੀ ਪੱਥਰ। ਕਿੰਨੀ ਹਾਸੋ ਹੀਣੀ ਸਥਿਤੀ ਬਣ ਜਾਂਦੀ ਹੈ ਜੇ ਅਸਲੀਅਤ ਨੂੰ ਸਮਝ ਲਈਏ। ਭਗਤ ਜੀ ਫੁਰਮਾਉਂਦੇ ਹਨ ਕਿ ਜਦੋਂ ਦੋਵੇਂ ਪੱਥਰ ਹੀ ਹਨ ਤਾਂ ਫਿਰ ਦੋਵੇਂ ਹੀ ਪੂਜਣ ਯੋਗ ਹਨ ਫਿਰ ਪੌੜੀ ਦੇ ਪੱਥਰ ਤੇ ਪੈਰ ਧਰ ਕੇ ਕਿਉਂ ਚੜਿਆ ਜਾਵੇ। ਉਸ ਦੀ ਵੀ ਰੱਬ ਸਮਝ ਕੇ ਪੂਜਾ ਕਰਨੀ ਚਾਹੀਦੀ ਹੈ। ਜਦ ਕਿ ਅਜਿਹਾ ਬਿਲਕੁਲ ਸੰਭਵ ਨਹੀਂ। ਕਿਉਂਕਿ ਅਸਲ ਵਿਚ ਮਨੁੱਖ ਵਲੋਂ ਘੜੇ ਗਏ ਪੱਥਰ ਦੇ ਰੱਬ ਤਾਂ ਬਹੁਤ ਥੋੜੇ ਹਨ ਜਦ ਕਿ ਆਮ ਜੀਵਨ ਵਿਚ ਪੱਥਰ ਦੀ ਬਹੁਤੀ ਵਰਤੋਂ ਪੈਰਾਂ ਹੇਠ ਹੀ ਹੈ। ਭਗਤ ਜੀ ਫੁਰਮਾਉਂਦੇ ਹਨ ਕਿ ਮੈਨੂੰ ਸਾਰੀ ਸਮਝ ਆ ਗਈ ਹੈ। ਇਸ ਲਈ ਮੈਂ ਤਾਂ ਹੁਣ ਸਿਰਫ ਇਕ ਪਰਮਾਤਮਾ ਨੂੰ ਯਾਦ ਕਰਦਾ ਹਾਂ ਭਾਵ ਸਾਰੀ ਸ੍ਰਿਸ਼ਟੀ ਵਿਚ ਵੱਸ ਰਹੇ ਪਰਮਾਤਮਾ ਨੂੰ ਅਨੁਭਵ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਸਾਰੰਸ਼ :– ਉਪਰੋਕਤ ਸ਼ਬਦ ਅਨੁਸਾਰ ਭਗਤ ਜੀ ਮਨੁੱਖ ਨੂੰ ਪ੍ਰੇਰਣਾ ਕਰਦੇ ਹਨ ਕਿ ਉਹ ਸ੍ਰਿਸ਼ਟੀ ਦੇ ਮਾਲਕ ਵਾਹਿਗੁਰੂ ਜੀ ਨੂੰ ਹਰ ਥਾਂ, ਹਰ ਸਮੇਂ ਅਤੇ ਹਰ ਵਸਤੂ ਵਿਚ ਵੱਸੇ ਹੋਣ ਨੂੰ ਅਨੁਭਵ ਕਰਨ ਦੀ ਕੋਸ਼ਿਸ ਕਰੇ, ਇਹੀ ਅਸਲ ਨਾਮ ਸਿਮਰਨ ਅਤੇ ਪਰਮਾਤਮਾ ਦੀ ਸੇਵਾ ਹੈ। ਇਸ ਭੇਦ ਦੀ ਸਮਝ ਆਉਣ ਨਾਲ ਮਨੁੱਖ ਹਰ ਸਮੇਂ ਹਰ ਹਾਲ ਸ਼ੁਕਰਾਨੇ ਦੀ ਹਾਲਤ ਵਿਚ ਰਹਿੰਦਾ ਹੈ ਅਤੇ ਸਹਿਜ ਵਿਚ ਵਿਚਰਦਾ ਹੈ।

****

13. ਗੂਜਰੀ ਮਹਲਾ 5 ॥ (ਪੰਨਾ 496– ਗੂਜਰੀ, ਮਃ 5)

ਮਤਾ ਕਰੈ, ਪਛਮ ਕੈ ਤਾਈ, ਪੂਰਬ ਹੀ ਲੈ ਜਾਤ ॥
ਖਿਨ ਮਹਿ ਥਾਪਿ ਉਥਾਪਨਹਾਰਾ, ਆਪਨ ਹਾਥਿ ਮਤਾਤ ॥1॥
ਸਿਆਨਪ, ਕਾਹੂ ਕਾਮਿ ਨ ਆਤ ॥
ਜੋ ਅਨਰੂਪਿਓ ਠਾਕੁਰਿ ਮੇਰੈ, ਹੋਇ ਰਹੀ ਉਹ ਬਾਤ ॥1॥ ਰਹਾਉ ॥
ਦੇਸੁ ਕਮਾਵਨ, ਧਨ ਜੋਰਨ ਕੀ ਮਨਸਾ, ਬੀਚੇ ਨਿਕਸੇ ਸਾਸ॥
ਲਸਕਰ ਨੇਬ ਖਵਾਸ ਸਭ ਤਿਆਗੇ, ਜਮ ਪੁਰਿ ਊਠਿ ਸਿਧਾਸ॥2॥
ਹੋਇ ਅਨੰਨਿ ਮਨਹਠ ਕੀ ਦ੍ਰਿੜਤਾ, ਆਪਸ ਕਉ ਜਾਨਾਤ॥
ਜੋ ਅਨਿੰਦੁ ਨਿੰਦੁ ਕਰਿ ਛੋਡਿਓ, ਸੋਈ ਫਿਰਿ ਫਿਰਿ ਖਾਤ ॥3॥
ਸਹਜ ਸੁਭਾਇ ਭਏ ਕਿਰਪਾਲਾ, ਤਿਸੁ ਜਨ ਕੀ ਕਾਟੀ ਫਾਸ ॥
ਕਹੁ ਨਾਨਕ, ਗੁਰੁ ਪੂਰਾ ਭੇਟਿਆ, ਪਰਵਾਣੁ ਗਿਰਸਤ ਉਦਾਸ॥4॥4॥5॥

ਉਚਾਰਣ ਸੇਧਾਂ: ਤਾਈ-ਤਾਈਂ। ਮਹਿ-ਮਹਿਂ। ਮਤਾਤ-ਮਤਾਂਤ। ਕਾਹੂ-ਕਾਹੂੰ। ਗਿਰਸਤ-ਗਿਰੱਸਤ।

ਪਦ ਅਰਥ:– ਮਤਾ=ਸਲਾਹ। ਪਛਮ ਕੈ ਤਾਈ=ਪੱਛਮ ਵਲ ਜਾਣ ਵਾਸਤੇ। ਕੈ

ਤਾਈ=ਦੇ ਵਾਸਤੇ। ਥਾਪਿ=ਸਾਜ ਕੇ। ਉਥਾਪਨਹਾਰਾ=ਨਾਸ ਕਰਨ ਦੀ ਤਾਕਤ ਰੱਖਣ ਵਾਲਾ। ਹਾਥਿ=ਹੱਥ ਵਿਚ। ਮਤਾਤ=ਮਤਾਂਤ, ਸਲਾਹਾਂ ਦਾ ਅੰਤ, ਫੈਸਲਾ ॥1॥ ਕਾਹੂ ਕਾਮਿ=ਕਿਸੇ ਕੰਮ ਵਿਚ। ਅਨਰੂਪਿਓ=ਮਿਥ ਲਈ, ਠਾਠ ਲਈ। ਠਾਕੁਰਿ ਮੇਰੈ=ਮੇਰੇ ਠਾਕੁਰ ਨੇ। ਹੋਇ ਰਹੀ=ਹੋ ਕੇ ਰਹਿੰਦੀ ਹੈ, ਜਰੂਰ ਹੁੰਦੀ ਹੈ ॥1॥ ਰਹਾਉ। ਮਨਸਾ=ਕਾਮਨਾ, ਇੱਛਾ। ਬੀਚੇ=ਵਿੱਚੇ ਹੀ। ਨਿਕਸੇ=ਨਿਕਲ ਜਾਂਦੇ ਹਨ। ਸਾਸ=ਸਾਹ। ਲਸਕਰ=ਫੌਜਾਂ। ਨੇਬ=ਨਾਇਬ, ਅਹਿਲਕਾਰ। ਖਵਾਸ=ਚੋਬ=ਦਾਰ। ਤਿਆਗੇ=ਤਿਆਗਿ, ਛੱਡ ਕੇ। ਜਮ ਪੁਰਿ=ਪਰਲੋਕ ਵਿਚ ॥2॥ ਅਨੰਨਿ=ਜਿਸ ਨੇ ਹੋਰ ਪਾਸੇ ਛੱਡ ਦਿੱਤੇ ਹਨ। ਮਾਇਆ ਵਾਲਾ ਪਾਸਾ ਛੱਡ ਕੇ=ਹੋਇ ਅਨੰਨਿ। ਦ੍ਰਿੜਤਾ=ਪਕਿਆਈ। ਆਪਸ ਕਉ=ਆਪਣੇ ਆਪ ਨੂੰ। ਜਾਨਾਤ - ਵੱਡਾ ਜਣਾਉਂਦਾ ਹੈ। ਅਨਿੰਦੁ=ਨਾਹ ਨਿੰਦਣ ਜੋਗ ॥3॥ ਸਹਜ=ਆਪਣਾ ਨਿੱਜੀ। ਸੁਭਾਇ=ਪ੍ਰੇਮ ਅਨੁਸਾਰ। ਸਹਜ ਸੁਭਾਇ=ਆਪਣੇ ਨਿੱਜੀ ਪ੍ਰੇਮ ਅਨੁਸਾਰ, ਆਪਣੇ ਸੁਭਾਵਿਕ ਪ੍ਰੇਮ ਨਾਲ। ਭੇਟਿਆ=ਮਿਲਿਆ॥4॥

ਭੂਮਿਕਾ:– ਗੁਰਦੇਵ ਨੇ ਧਰਮੀ ਹੋਣ ਦਾ ਵਿਖਾਵਾ ਕਰ ਰਹੇ ਮਨੁੱਖ ਦੀ ਅਸਲੀਅਤ ਇਸ ਸ਼ਬਦ ਵਿੱਚ ਬਿਆਨ ਕੀਤੀ ਹੈ। ਮਨੁੱਖ ਬਣਨਾ ਤਾਂ ਧਰਮੀ ਚਾਹੁੰਦਾ ਹੈ ਪਰ ਜੋ ਢੰਗ ਤਰੀਕਾ ਅਪਣਾਈ ਬੈਠਾ ਹੈ ਉਹ ਧਰਮੀ ਬਣਨ ਨਹੀਂ ਦਿੰਦਾ ਸਗੋਂ ਬੁਰਾਈਆਂ ਨੂੰ ਹੋਰ ਪੱਕਿਆਂ ਕਰੀ ਜਾ ਰਿਹਾ ਹੈ। ਜਪੁ ਬਾਣੀ ਦੀ ਪਹਿਲੀ ਪਾਉੜੀ ਵਿੱਚ ਗੁਰੁ ਨਾਨਕ ਸਾਹਿਬ ਜੀ ਨੇ ਐਸੇ ਪਾਖੰਡ ਧਰਮੀਆਂ ਵੱਲੋਂ ਕੀਤੀਆਂ ਜਾ ਰਹੀਆਂ ਸਿਆਣਪਾਂ ਦਾ ਜ਼ਿਕਰ ਕੀਤਾ ਹੈ । ਤੀਰਥ ਇਸ਼ਨਾਨ, ਸਮਾਧੀਆਂ, ਪਦਾਰਥ ਇਕੱਠੇ ਕਰਕੇ ਮਨ ਨੂੰ ਸੰਤੋਖੀ ਬਣਾਉਣ ਦਾ ਜਤਨ ਆਦਿ। ਪਰ ਇਸ ਤਰੀਕੇ ਸਚਿਆਰ ਧਰਮੀ ਨਹੀਂ ਬਣਿਆਂ ਜਾ ਸਕਦਾ। ਅਸੀਂ ਕੋਈ ਵੀ ਹਠ ਕਰਮ ਜਾਂ ਕਰਮਕਾਂਡ ਪਖੰਡ ਕਰੀ ਜਾਈਏ ਇਸ ਨਾਲ ਧਰਮੀ ਅਖਵਾ ਸਕਦੇ ਹਾਂ, ਧਰਮੀ ਬਣ ਨਹੀਂ ਸਕਦੇ। ਸੋ ਰੱਬ ਜੀ ਨਾਲ ਇਸ ਤਰਾਂ ਦੀ ਸਾਡੀ ਕੋਈ ਕਰਮਕਾਂਡੀ ,ਪਾਖੰਡ ਭਰੀ ਚਤੁਰਾਈ ਚਲਾਕੀ ਨਹੀਂ ਚੱਲ ਸਕਦੀ । ਜਿਹੋ ਜਿਹਾ ਬੀਜ ਬੀਜਿਆ ਹੈ ਰੱਬ ਜੀ ਨੇ ਕੁਦਰਤ ਨੇ ਉਹੋ ਜਿਹਾ ਹੀ ਫਲ ਦੇਣਾ ਹੈ ਉਸ ਤੋਂ ਉੱਲਟ ਨਹੀਂ ਹੋ ਸਕਦਾ।

ਭਾਵ ਅਰਥ:– ਮਨੁੱਖ ਦੀ ਆਪਣੀ ਚਤੁਰਾਈ (ਦੂਜਿਆਂ ਨੂੰ ਧੋਖਾ ਦੇਣਾ,ਧਰਮੀ ਅਸਲ ਵਿੱਚ ਹੋਣਾ ਨਾਹ, ਪਰ ਪ੍ਰਭਾਵ ਧਰਮੀ ਹੋਣ ਦਾ ਪਾਉਣਾ) ਸਚਿਆਰਾ ਜੀਵਨ ਬਣਾਉਣ ਦੇ ਕਿਸੇ ਕੰਮ ਨਹੀਂ ਆਉਂਦੀ। ਜੋ ਗੱਲ ਮੇਰੇ ਠਾਕੁਰ ਨੇ ਮਿਥੀ ਹੁੰਦੀ ਹੈ ਉਹੀ ਹੋ ਕੇ ਰਹਿੰਦੀ ਹੈ, ਭਾਵ ਰੱਬੀ ਨਿਯਮਾਵਲੀ ਤੋਂ ਇਨਸਾਨੀਅਤ ਤੋਂ ਉੱਲਟ ਕਰਮ ਕਰਕੇ ਜਾਂ ਕਰਵਾਕੇ ਸਚਿਆਰ ਨਹੀਂ ਹੋ ਸਕੀਦਾ। ਰੱਬ ਜੀ ਅਨੁਸਾਰ ਤਾਂ ਜੋ ਬੀਜਾਂਗੇ ਉਹੀ ਫਲ ਪ੍ਰਾਪਤ ਹੋਵੇਗਾ,ਬੀਜੋ ਕੁਝ ਹੋਰ ਤੇ ਫਲ ਕੋਈ ਹੋਰ ਲੱਗ ਜਾਵੇ ਐਸਾ ਨਹੀਂ ਹੋ ਸਕਦਾ। ਕਰਤੂਤਾਂ ਅਧਰਮੀਆਂ ਵਾਲੀਆਂ ਕਰਕੇ, ਧਰਮੀ ਕਿਵੇਂ ਹੋ ਸਕੀਦਾ ਹੈ? ॥1॥ ਰਹਾਉ। ਮਨੁੱਖ ਪੱਛਮ ਵੱਲ ਜਾਣ ਦੀ ਸਲਾਹ ਬਣਾਉਂਦਾ ਹੈ,ਪਰ ਪਹੁੰਚ ਪੂਰਬ ਵੱਲ ਜਾਂਦਾ ਹੈ। ਭਾਵ ਮਨੁੱਖ ਧਰਮੀ ਹੋਣ ਦੀ ਇਛਾ ਰਖਕੇ ਜੋ ਕਰਮ ਅਗਿਆਨਤਾ ਵੱਸ

ਕਰਦਾ ਹੈ ਉਹ ਬਿਨਾਂ ਸਮਝ ਤੋ ਕੀਤੇ ਫੋਕਟ ਦੇ ਕਰਮ ਮਨੁੱਖ ਨੂੰ ਸਚਿਆਰ ਪਦਵੀ ਤੋਂ ਉਲਟੀ ਦਿਸ਼ਾ ਵੱਲ ਲੈ ਜਾਂਦੇ ਹਨ ਭਾਵ ਕੋਹਾਂ ਦੂਰ ਕਰ ਦਿੰਦੇ ਹਨ । ਅਗਿਅਨਤਾ ਕਾਰਨ ਪੈਦਾ ਹੋਏ ਭਰਮ ਭੁਲੇਖੇ ਮਨੁੱਖ ਨੂੰ ਕਿਸੇ ਸਿਰੇ ਨਹੀਂ ਲੱਗਣ ਦਿੰਦੇ। ਹਮੇਸ਼ਾਂ ਮਨੁੱਖ ਡਾਵਾਂਡੋਲ ਰਹਿੰਦਾ ਹੈ ਥੋੜੇ ਸਮੇਂ ਲਈ ਮਨਮਰਜੀ ਵਰਤਦਾ ਹੋਇਆ ਕੱਚੇ ਪਿਲੇ ਵਿਚਾਰ ਬਣਾਉਂਦਾ ਹੈ ਤੇ ਫਿਰ ਆਪ ਹੀ ਉਸ ਵਿਚਾਰ ਨੂੰ ਢਾਹ ਦਿੰਦਾ ਹੈ ਭਾਵ ਬਦਲ ਜਾਂਦਾ ਹੈ॥1॥ ਹੋਰ ਦੇਸ਼ ਮੱਲਣ ਤੇ ਧਨ ਇਕੱਠਾ ਕਰਨ ਦੀ ਲਾਲਸਾ ਦੇ ਵਿੱਚ ਹੀ ਮਨੁੱਖ ਦੇ ਪ੍ਰਾਣ ਨਿਕਲ ਜਾਂਦੇ ਹਨ, ਫੌਜਾਂ, ਅਹਿਲਕਾਰ, ਚੋਬਦਾਰ ਆਦਿਕ ਸਭ ਨੂੰ ਛੱਡ ਕੇ ਉਹ ਪਰਲੋਕ ਵਲ ਤੁਰ ਪੈਂਦਾ ਹੈ। ਉਸ ਦੀ ਆਪਣੀ ਸਿਆਣਪ ਧਰੀ ਦੀ ਧਰੀ ਰਹਿ ਜਾਂਦੀ ਹੈ । ਭਾਵ ਮਨੁੱਖ ਰੱਬੀ ਹੁਕਮ ਅਨੁਸਾਰ ਧਰਮੀ ਨਹੀਂ ਬਣਦਾ,ਧਰਮ ਦੇ ਨਾਂ ਤੇ ਕੀਤੇ ਸਾਰੇ ਕਰਮ ਇਸੇ ਲਈ ਕਰਮਕਾਂਡ ,ਪਾਖੰਡ ਬਣਦੇ ਗਏ ਕਿਉਂਕਿ ਮਨਸ਼ਾ ਨਾ ਗਿਆਨ ਹਾਸਲ ਕਰਨਾ ਸੀ ਤੇ ਨਾ ਹੀ ਆਪਣੇ ਆਪ ਨੂੰ ਤੇ ਦੂਜਿਆਂ ਨੂੰ ਸੁਧਾਰਨਾ। ਸਿਰਫ ਵਿਖਾਵੇ ਦੇ ਧਰਮ ਕਰਮ ਇਸੇ ਲਈ ਕੀਤੇ ਗਏ ਕਿ ਦੇਸ਼ ਪ੍ਰਦੇਸ਼ ਵਿੱਚ ਪ੍ਰਸਿਧੀ ,ਦੌਲਤ ਇਕੱਠੀ ਕਰਨੀ ਆਦਿਕ ਲਾਲਸਾਵਾਂ ਪੂਰੀਆਂ ਕੀਤੀਆਂ ਜਾ ਸਕਣ। ਜੇਕਰ ਐਸਾ ਗੁਣ ਵਿਹੂਣਾ ਜੀਵਨ ਜੀਵਿਆ ਜਾਏ ਤਾਂ ਬਹੁਤੀ ਦੇਰ ਜ਼ਮੀਰ ਜਿੰਦਾ ਨਹੀਂ ਰਹਿੰਦੀ । ਐਸਾ ਵਿਅਕਤੀ ਸ਼ਰੀਰ ਕਰਕੇ ਭਾਵੇਂ ਜਿੰਦਾ ਰਹਿੰਦਾ ਹੈ, ਪਰ ਜ਼ਮੀਰ ਕਰਕੇ ਮਰ ਜਾਂਦਾ ਹੈ। ਕਿਉਂਕਿ ਇਨਸਾਨੀਅਤ ਨੂੰ ਜਿੰਦਾ ਰੱਖਣ ਵਾਲੇ ਗੁਣ(ਲਸ਼ਕਰ),ਚੰਗੀ ਮੱਤ ਸਲਾਹਕਾਰ ਤੇ ਗਿਆਨ ਪਹਿਰੇਦਾਰ ਮਨੁੱਖ ਦੀ ਅਗਿਆਨਤਾ ਕਾਰਨ ਇਸ ਨੂੰ ਛੱਡ ਜਾਂਦੇ ਹਨ, ਅਤੇ ਮਨੁੱਖ ਫਿਰ ਸਦਾ ਲਈ ਵਿਕਾਰਾਂ (ਜਮਾਂ) ਦੇ ਵੱਸ ਪੈ ਜਾਂਦਾ ਹੈ॥2॥ ਹੋਰ ਵੇਖੋ ਉਸ ਦਾ ਹਾਲ ਜੋ ਅਧਰਮ ਨੂੰ ਹੀ ਧਰਮ ਸਮਝੀ ਬੈਠਾ ਹੈ, ਜਿਸ ਦੀ ਇਨਸਾਨੀਅਤ ਮਰ ਚੁੱਕੀ ਹੈ, ਜੋ ਗੁਣ ਅਤੇ ਗਿਆਨ ਵਿਹੂਣਾ ਵੀ ਹੈ,ਪਰ ਜਿਦ ਨਾਲ ਮਨਹਠ ਨਾਲ ਆਪਣੇ ਆਪ ਨੂੰ ਵੱਡਾ ਧਰਮੀ ਜਣਾਉਂਦਾ ਹੈ। ਅਧਰਮ ਇੰਨਾਂ ਪੱਕਾ ਹੈ ਕਿ ਜੋ ਸਚਾਈ ਅਨਿੰਦ ਹੈ, ਉਸ ਨੂੰ ਨਿੰਦਦਾ ਹੈ ਤੇ ਤਿਆਗਦਾ ਹੈ ਅਤੇ ਨਾਲ ਹੀ ਬਾਹਰੋਂ ਬਾਹਰੋਂ ਧਰਮੀ ਬਣਨਾ ਚਾਹੀਦਾ ਹੈ ਧਰਮੀ ਬਣਨਾ ਚਾਹੀਦਾ ਹੈ ਦੀ ਰੱਟ ਲਾਉਂਦਾ ਹੈ ॥3॥ ਸੋ ਨਾਹ ਧਨ ਪਦਾਰਥ ਇਕੱਠਾ ਕਰਨ ਵਾਲੀ ਚਤੁਰਾਈ ਜੀਵਨ ਸਚਿਆਰ ਬਣਾਉਂਦੀ ਹੈ ਤੇ ਨਾਹ ਹੀ ਫੋਕਟ ਦਾ ਤਿਆਗੀ ਹੋਣ ਦਾ ਮਾਣ ਸਚਿਆਰ ਜੀਵਨ ਪੈਦਾ ਕਰਨ ਲਈ ਕੋਈ ਲਾਭ ਪੁਚਾਂਦਾ ਹੈ। ਉਹ ਪਰਮਾਤਮਾ ਆਪਣੇ ਸੁਭਾਵਿਕ ਪਿਆਰ ਦੀ ਪ੍ਰੇਰਨਾ ਨਾਲ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ ਉਸ ਮਨੁੱਖ ਦੀ ਮਾਇਆ ਦੇ ਮੋਹ ਦੀ ,ਅਗਿਆਨਤਾ ਦੀ ਫਾਹੀ ਕੱਟ ਦੇਂਦਾ ਹੈ। ਹੇ ਨਾਨਕ! ਆਖ, ਜਿਸ ਮਨੁੱਖ ਨੇ ਪੂਰੇ ਗੁਰੂ (ਰੱਬੀ ਗਿਆਨ ,)ਨਾਲ ਸਾਂਝ ਬਣਾ ਲਈ ਹੈ ਉਹ ਬਿਨਾਂ ਕਿਸੇ ਭੇਖ,ਪਖੰਡ,ਕਰਮਕਾਂਡ ਅਤੇ ਵਿਖਾਵੇ ਦੇ, ਗ੍ਰਿਹਸਤ ਜੀਵਨ ਵਿਚ ਰਹਿੰਦਾ ਹੋਇਆ ਵੀ

ਮਾਇਆ,ਔਗਣਾਂ ਵਲੋਂ ਨਿਰਲੇਪ ਹੋ ਕੇ ਪਰਮਾਤਮਾ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ॥4॥4॥5॥

ਸਾਰੰਸ਼: ਮਨੁੱਖ ਅਧਰਮ ਦੇ ਕਰਮ ਕਰਕੇ ਬਹੁਤ ਡੀਂਗਾ ਮਾਰਦਾ ਹੈ, ਪਰ ਸਰਬਸ਼ਕਤੀਮਾਨ ਪਰਮਾਤਮਾ ਦੀ ਸਮਰੱਥਾ ਅੱਗੇ ਮਨੁੱਖ ਦੀ ਕੋਈ ਵੀ ਕਰਮਕਾਂਡੀ ਚਲਾਕੀ ਨਹੀਂ ਚਲਦੀ। ਮਨੁੱਖ ਭਾਵੇਂ ਸੈਂਕੜੇ ਕਿਸਮ ਦੇ ਕਰਮਕਾਂਡ ਅਤੇ ਹੱਠ ਆਦਿਕ ਕਰਕੇ ਪਰਮਾਤਮਾ ਦੇ ਨੇੜੇ ਹੋਣ ਦਾ ਢੌਂਗ ਕਰਦਾ ਹੈ ਪਰ ਗੁਰੁ ਅਨੁਸਾਰ ਹੋਕੇ ਜੀਵਨ ਜਿਉਣ ਵਾਲੇ ਕਿਸੇ ਮਨੁੱਖ ਨੂੰ ਸਰਬ ਵਿਆਪਕ ਪ੍ਰਮੇਸਰ ਦੀ ਸਮਝ ਆਉਂਦੀ ਹੈ।

***

14. ਰਾਮਕਲੀ ਮਹਲਾ 5 ॥ (ਪੰਨਾ : 885)

ਕੋਈ ਬੋਲੈ ਰਾਮ ਰਾਮ, ਕੋਈ, ਖੁਦਾਇ ॥
ਕੋਈ ਸੇਵੈ ਗੁਸਈਆ, ਕੋਈ, ਅਲਾਹਿ ॥ 1 ॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ, ਰਹੀਮ ॥ 1 ॥ ਰਹਾਉ ॥
ਕੋਈ ਨਾਵੈ ਤੀਰਥਿ, ਕੋਈ ਹਜ ਜਾਇ ॥
ਕੋਈ ਕਰੈ ਪੂਜਾ, ਕੋਈ ਸਿਰੁ ਨਿਵਾਇ ॥ 2 ॥
ਕੋਈ ਪੜੈ ਬੇਦ, ਕੋਈ ਕਤੇਬ ॥ ਕੋਈ ਓਢੈ ਨੀਲ, ਕੋਈ ਸੁਪੇਦ ॥ 3 ॥
ਕੋਈ ਕਹੈ ਤੁਰਕੁ, ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ, ਕੋਈ ਸੁਰਗਿੰਦੁ ॥ 4 ॥
ਕਹੁ ਨਾਨਕ, ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ, ਤਿਨਿ, ਭੇਦੁ ਜਾਤਾ ॥ 5 ॥

ਉਚਾਰਣ ਸੇਧਾਂ :- ਗੁਸਈਆ-ਗੁਸਈਆਂ। ਅਲਾਹਿ- ਅਲਾਹ। ਨਾਵੈ-ਨ੍ਹਾਵੈ। ਬਾਛੈ-ਬਾਂਛੈ।

ਪਦ ਅਰਥ :- ਕਾਰਣ ਕਰਣ-ਜਗਤ ਦਾ ਕਾਰਣ, ਜਗਤ ਨੂੰ ਬਣਾਉਣ ਵਾਲਾ। ਤੀਰਥਿ-ਤੀਰਥ ਉੱਤੇ। ਹੱਜ ਜਾਇ-ਕਾਅਬੇ ਦਾ ਦਰਸ਼ਨ ਕਰਨ ਜਾਂਦਾ ਹੈ। ਸਿਰੁ ਨਿਵਾਇ-ਨਮਾਜ਼ ਪੜ੍ਹਦਾ ਹੈ। ਕਤੇਬ-ਕੁਰਾਨ ਅੰਜ਼ੀਲ ਆਦਿਕ ਪੱਛਮੀ ਧਰਮਾਂ ਦੇ ਧਾਰਮਿਕ ਗ੍ਰੰਥ। ਓਢੈ-ਪਹਿਨਦਾ ਹੈ। ਨੀਲ-ਨੀਲੇ ਕਪੜੇ। ਸੁਪੇਦ-ਚਿੱਟੇ ਕੱਪੜੇ। ਬਾਛੈ-ਮੰਗਦਾ ਹੈ। ਭਿਸਤੁ-ਬਹਿਸ਼ਤ। ਸੁਰਗਿੰਦੁ -ਸੁਰਗ।

ਭੂਮਿਕਾ :- ਉਪਰੋਕਤ ਸ਼ਬਦ ਵਿਚ ਗੁਰਦੇਵ ਇਹ ਦਰਸਾਉਂਦੇ ਹਨ ਕਿ ਪਰਮਾਤਮਾ ਆਪ ਹੀ ਇਸ ਜਗਤ ਨੂੰ ਬਣਾਉਣ ਵਾਲਾ ਅਤੇ ਇਸ ਵਿਚ ਵਸਣ ਵਾਲਾ ਹੈ। ਉਹ ਸਭ ਲਈ ਇਕੋ ਜਿਹਾ ਕਿਰਪਾਲੂ ਅਤੇ ਰਹਿਮ ਕਰਨ ਵਾਲਾ ਹੈ। ਕੋਈ ਭਾਵੇਂ ਉਸ ਨੂੰ ਕਿਸੇ ਵੀ ਨਾਂ ਨਾਲ ਬੁਲਾਵੇ, ਉਹ ਸਭ ਤੇ ਇਕੋ ਜਿਹੀ ਨਜ਼ਰ ਰੱਖਦਾ ਹੈ। ਲੇਕਿਨ ਇਸ ਸਾਰੇ ਭੇਦ ਦੀ ਸਮਝ ਉਸ ਇਨਸਾਨ ਨੂੰ ਹੀ ਆ ਸਕਦੀ ਹੈ ਜੋ ਉਸਦੇ ਹੁਕਮ ਵਿਚ ਹਰ ਤਰ੍ਹਾਂ ਨਾਲ ਰਾਜ਼ੀ ਰਹਿਣ ਦੀ ਕੋਸ਼ਿਸ਼ ਕਰਦਾ ਹੈ।

ਭਾਵ ਅਰਥ :- ਪਰਮਾਤਮਾ ਨੂੰ ਕੋਈ ਰਾਮ ਕਹਿ ਕੇ ਬੁਲਾਉਂਦਾ ਹੈ। ਕੋਈ ਖੁਦਾ ਕਹਿ ਕੇ ਬੁਲਾਉਂਦਾ ਹੈ, ਕੋਈ ਗੋਸਾਂਈ ਸਮਝ ਕੇ ਸੇਵਾ ਕਰਦਾ ਹੈ ਅਤੇ ਕੋਈ ਅੱਲਾਹ ਸਮਝ ਕੇ ਯਾਦ ਕਰਦਾ ਹੈ, ਪਰ ਉਹ ਤਾਂ ਸਾਰਿਆ ਲਈ ਇਕੋ ਜਿੰਨਾ ਬਖਸ਼ਿੰਦ ਅਤੇ ਰਹਿਮ ਕਰਨ ਵਾਲਾ ਹੈ ਉਹ ਆਪ ਹੀ ਜਗਤ ਨੂੰ ਬਣਾ ਕੇ ਇਸ ਵਿਚ ਵੱਸ ਜਾਣ ਵਾਲਾ ਹੈ। ਕੋਈ ਵਾਹਿਗੁਰੂ ਨੂੰ ਪਾਉਣ ਲਈ ਤੀਰਥਾਂ ਦਾ ਇਸ਼ਨਾਨ ਕਰਦਾ ਹੈ ਅਤੇ ਕੋਈ ਹੱਜ ਕਰਨ ਲਈ ਕਾਅਬੇ(ਮੱਕੇ) ਜਾਂਦਾ ਹੈ। ਕੋਈ ਮੰਦਰ ਵਿਚ ਪੂਜਾ ਕਰਦਾ ਹੈ ਅਤੇ ਕੋਈ ਮਸੀਤ ਵਿਚ ਨਮਾਜ਼ ਪੜ੍ਹਦਾ ਹੈ। ਕੋਈ ਹਿੰਦੂਆਂ ਦੇ ਵੇਦ ਪੜ੍ਹਦਾ ਹੈ ਅਤੇ ਕੋਈ ਕੁਰਾਨ, ਅੰਜ਼ੀਲ ਵਰਗੇ ਪੱਛਮੀ ਧਰਮਾਂ ਦੇ ਗ੍ਰੰਥ ਪੜ੍ਹਦਾ ਹੈ। ਕੋਈ ਨੀਲੇ ਕਪੜੇ ਪਾਉਂਦਾ ਹੈ ਅਤੇ ਕੋਈ ਸਫੈਦ ਪਾ ਲੈਂਦਾ ਹੈ। ਕੋਈ ਮੁਸਲਮਾਨ ਕਹਾਉਂਦਾ ਹੈ ਅਤੇ ਕੋਈ ਹਿੰਦੂ ਕਹਾਉਂਦਾ ਹੈ। ਕੋਈ ਮੁਸਲਮਾਨੀ ਸ਼ਰ੍ਹਾ ਦੇ ਮੁਤਾਬਕ ਸਵਰਗ ਦੀ ਪ੍ਰਾਪਤੀ ਚਾਹੁੰਦਾ ਹੈ ਅਤੇ ਕੋਈ ਹਿੰਦੂ ਦੇਵਤਾ ਇੰਦਰ ਦੇ ਸਵਰਗ ਦੀ ਪ੍ਰਾਪਤੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੋ ਮਨੁੱਖ ਪਰਮਾਤਮਾ ਦੀ ਰਜ਼ਾ ਵਿੱਚ ਹਰ ਤਰ੍ਹਾਂ ਰਾਜ਼ੀ ਰਹਿੰਦੇ ਹਨ, ਪਰਮਾਤਮਾ ਦੀ ਪਹਿਚਾਣ ਸਿਰਫ ਉਹੀ ਮਨੁੱਖ ਕਰ ਸਕਦੇ ਹਨ ।

ਸਾਰੰਸ਼:- ਉਪਰੋਕਤ ਸ਼ਬਦ ਅਨੁਸਾਰ ਗੁਰੂ ਸਾਹਿਬ ਦਰਸਾਉਂਦੇ ਹਨ ਕਿ ਪਰਮਾਤਮਾ ਨੂੰ ਪਾਉਣ ਲਈ ਕੋਈ ਉਸਨੂੰ ਜਿਸ ਮਰਜ਼ੀ ਨਾਂ ਨਾਲ ਬੁਲਾਵੇ ਅਤੇ ਜਿੰਨੇ ਮਰਜ਼ੀ ਕਰਮ ਧਰਮ ਕਰੇ। ਪਰ ਅਸਲ ਵਿੱਚ ਪਰਮਾਤਮਾ ਦਾ ਭੇਦ ਉਹੀ ਪਾ ਸਕਦਾ ਹੈ ਜੋ ਪਰਮਾਤਮਾ ਦੇ ਹਰ ਹੁਕਮ ਨੂੰ ਚੰਗਾ ਕਰ ਕੇ ਮੰਨੇ ਅਤੇ ਉਸ ਦੇ ਅਟੱਲ ਭਾਣੇ ਵਿਚ ਰਾਜ਼ੀ ਰਹੇ ਕਿਉਂਕਿ ਪਰਮਾਤਮਾ ਵਲੋਂ ਕੁਦਰਤੀ ਤੋਰ ਤੇ ਕਦੀ ਵੀ ਕੁਝ ਮਾੜਾ ਨਹੀਂ ਹੁੰਦਾ। ਇਸ ਲਈ ਐਸੀ ਆਤਮਕ ਸੋਝੀ ਆ ਜਾਣ ਨਾਲ ਅਤੇ ਹਰ ਇਕ ਵਿਚ ਪਰਮਾਤਮਾ ਦੀ ਜੋਤ ਦੀ ਪਹਿਚਾਣ ਹੋ ਜਾਣ ਨਾਲ ਮਨੁੱਖ ਲਈ ਵੱਖਰੇ ਵੱਖਰੇ ਧਾਰਮਿਕ ਕਰਮ-ਕਾਂਡਾਂ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ ਅਤੇ ਉਹ ਹਰ ਰਜ਼ਾ ਵਿਚ ਰਾਜ਼ੀ ਰਹਿ ਕੇ ਸਦੀਵੀ ਖੇੜੇ ਨੂੰ ਮਾਣਦਾ ਹੈ। ਇਹੀ ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ।

***

<u>ਜੀਵਨ ਵਿਕਾਸ</u>

15. ਅੰਮ੍ਰਿਤ ਵੇਲਾ

ਮਨੁੱਖ ਇਸ ਦੁਨੀਆ ਵਿਚ ਰਹਿੰਦਾ ਹੋਇਆ ਦੋ ਤਰ੍ਹਾਂ ਦੀ ਜ਼ਿੰਦਗੀ ਜਿਉਂਦਾ ਹੈ। ਪਹਿਲੀ ਜਿਸ ਵਿਚ ਮਨੁੱਖ ਸਮਾਜ ਵਿਚ ਰਹਿਣਾ ਲੋਚਦਾ ਹੈ ਤੇ ਦੂਜੀ ਜਿਸ ਵਿਚ ਇਕਾਂਤ ਨਜ਼ਰ ਆਵੇ। ਸਮਾਜ ਵਿਚ ਰਹਿੰਦੇ ਹੋਏ ਵਿਅਕਤੀ ਅਜਿਹੀਆਂ ਕ੍ਰਿਆਵਾਂ ਕਰਦਾ ਹੈ, ਜਿਸ ਨਾਲ ਸਮਾਜ ਵਿਚ ਸਤਿਕਾਰ ਦਾ ਭਾਗੀ ਬਣ ਸਕੇ ਇਸ ਤੋਂ ਇਲਾਵਾ ਜਦੋਂ ਇਕਾਂਤ ਵਿਚ ਰਹਿੰਦਾ ਹੈ ਤਾਂ ਆਜ਼ਾਦ ਸੋਚ ਨੂੰ ਅਪਣਾਉਂਦਾ ਹੈ। ਇਸ ਆਜ਼ਾਦ ਸੋਚ ਰਾਹੀਂ ਵਿਅਕਤੀ ਆਪਣੀ ਸ਼ਖਸੀਅਤ ਵਿਚ ਨਿਖਾਰ ਲਿਆਉਣ ਦੇ ਉਪਰਾਲੇ ਕਰਦਾ ਹੈ ਤਾਂ ਕਿ ਜਦੋਂ ਉਹ ਸਮਾਜ ਵਿਚ ਵਿਚਰੇ ਤਾਂ ਹਾਸੋਹੀਣੀ ਸਥਿਤੀ ਦਾ ਸਾਮ੍ਹਣਾ ਨਾ ਕਰਨਾ

ਪਵੇ। ਇਸ ਲਈ ਇਹ ਇਕਾਂਤ ਵਾਲਾ ਸਮਾਂ ਵੀ ਵਿਅਕਤੀ ਦੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜਿਸ ਵਿਚ ਵਿਅਕਤੀ ਦਾ ਮਨ ਕੁਝ ਵੀ ਸੋਚਣ ਅਤੇ ਕਰਨ ਲਈ ਆਜ਼ਾਦ ਹੁੰਦਾ ਹੈ, ਜਿਸ ਵਿਚ ਵਿਅਕਤੀ ਆਪਣੀਆਂ ਸਮਾਜਕ ਕ੍ਰਿਆਵਾਂ ਦੀ ਪੜਚੋਲ ਕਰਕੇ ਉਨ੍ਹਾਂ ਵਿਚ ਸੁਧਾਰ ਲਿਆਉਣ ਦਾ ਯਤਨ ਕਰਦਾ ਹੈ।

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਵਿਅਕਤੀ ਦੀ ਜ਼ਿੰਦਗੀ ਵਿਚ ਸਭ ਤੋਂ ਵੱਧ ਇਕਾਂਤ ਵਾਲਾ ਸਮਾਂ ਕਿਹੜਾ ਹੋ ਸਕਦਾ ਹੈ ਜਦੋਂ ਵਿਅਕਤੀ ਦਾ ਮਨ ਦੁਨਿਆਵੀ ਭਟਕਣਾ ਤੋਂ ਦੂਰ ਸ਼ਾਂਤ ਅਤੇ ਟਿਕਾਓ ਵਾਲੀ ਸਥਿਤੀ ਵਿਚ ਹੋਵੇ। ਇਸਦੇ ਜੁਆਬ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਦੇ ਜੀਵਨ ਵਿਚ ਸਭ ਤੋਂ ਵੱਧ ਇਕਾਂਤ ਅਤੇ ਟਿਕਾਓ ਵਾਲਾ ਸਮਾਂ ਉਹ ਹੁੰਦਾ ਹੈ ਜਦੋਂ ਵਿਅਕਤੀ ਸਰੀਰਕ ਅਤੇ ਮਾਨਸਕ ਥਕਾਵਟ ਤੋਂ ਦੂਰ ਹੁੰਦਾ ਹੈ ਅਤੇ ਉਸ ਨੂੰ ਨਵੇਂ-ਨਵੇਂ ਵਿਚਾਰਾਂ ਦਾ ਸੰਚਾਰ ਕਰਨ ਵਿਚ ਸਹਾਇਤਾ ਮਿਲਦੀ ਹੈ। ਅਜਿਹਾ ਸਮਾਂ ਭਾਵੇਂ ਦਿਨ ਦੇ ਕਿਸੇ ਵੀ ਸਮੇਂ ਆ ਸਕਦਾ ਹੈ, ਪਰ ਸਭ ਤੋਂ ਮਹੱਤਵਪੂਰਨ ਸਮਾਂ ਉਹ ਮੰਨਿਆ ਜਾਂਦਾ ਹੈ ਜਦੋਂ ਵਿਅਕਤੀ ਟਰੱਕਾਂ, ਬੱਸਾਂ, ਕਾਰਾਂ, ਸਕੂਟਰਾਂ ਆਦਿ ਦੇ ਸ਼ੋਰ ਅਤੇ ਧੂੰਏਂ ਤੋਂ ਦੂਰ ਹੋਵੇ, ਹਵਾ ਸਰੀਰ ਨੂੰ ਤਾਜ਼ਗੀ ਪ੍ਰਦਾਨ ਕਰਨ ਵਾਲੀ ਹੋਵੇ, ਚਿੜੀਆਂ, ਕੋਇਲਾਂ ਆਦਿ ਦੀ ਮਿੱਠੀ ਸੁਰ ਵਾਲਾ ਕੁਦਰਤੀ ਸੰਗੀਤ ਕੰਨਾਂ ਵਿਚ ਰਸ ਤੇ ਮਨ ਵਿਚ ਖੇੜਾ ਪੈਦਾ ਕਰਨ ਵਾਲਾ ਹੋਵੇ। ਅਜਿਹੇ ਸਮੇਂ ਵਿਅਕਤੀ ਦਾ ਮਨ ਸ਼ਾਂਤ ਹੁੰਦਾ ਹੈ ਅਤੇ ਨਵੀਆਂ ਸੋਚਾਂ ਮਨ ਨੂੰ ਪ੍ਰਭਾਵਿਤ ਕਰਦੀਆਂ ਹਨ, ਕਹਿਣ ਦਾ ਭਾਵ ਕਿ ਜਦੋਂ ਸੋਚ ਵਿਚ ਅੰਮ੍ਰਿਤ ਵਰਗੀ ਮਿਠਾਸ ਮਨ ਤੇ ਭਾਰੂ ਹੁੰਦੀ ਹੈ ਅਤੇ ਸਮਾਂ ਬ੍ਰਿਤੀਆਂ ਨੂੰ ਇਕਾਗਰ ਕਰਨ ਵਿਚ ਸਹਾਈ ਹੋਵੇ। ਸਿੱਖ ਧਰਮ ਵਿਚ ਅਜਿਹੇ ਸਮੇਂ ਨੂੰ ਅੰਮ੍ਰਿਤ ਵੇਲਾ ਕਿਹਾ ਜਾਂਦਾ ਹੈ ਅਤੇ ਇਸ ਸਮੇਂ ਦਾ ਵਿਅਕਤੀ ਦੇ ਜੀਵਨ ਵਿਚ ਮਹੱਤਵਪੂਰਨ ਯੋਗਦਾਨ ਮੰਨਿਆ ਗਿਆ ਹੈ। ਬਾਕੀ ਧਰਮਾਂ ਵਿਚ ਵੀ ਅਜਿਹੇ ਸਮੇਂ ਦਾ ਵਿਅਕਤੀ ਦੇ ਜੀਵਨ ਵਿਚ ਮਹੱਤਵਪੂਰਨ ਯੋਗਦਾਨ ਮੰਨਿਆ ਗਿਆ ਹੈ, ਕਿਉਂਕਿ ਪੂਰੇ ਦਿਨ ਵਿਚ ਮਨ ਨੂੰ ਜਿੰਨਾ ਇਕਾਗਰ ਇਹ ਸਮਾਂ ਕਰਦਾ ਹੈ ਹੋਰ ਕਿਸੇ ਸਮੇਂ ਤੇ ਅਜਿਹਾ ਸੰਭਵ ਨਹੀਂ ਹੋ ਸਕਦਾ। ਅੰਮ੍ਰਿਤ ਵੇਲੇ ਜੋ ਕੰਮ ਕੀਤਾ ਜਾ ਸਕਦਾ ਹੈ ਸ਼ਾਇਦ ਉਹ ਦਿਨ ਦੇ ਕਿਸੇ ਹੋਰ ਸਮੇਂ ਸੰਭਵ ਨਹੀਂ ਹੋ ਸਕਦਾ। ਇਸ ਲਈ ਹਰ ਇਕ ਵਿਅਕਤੀ ਨੂੰ ਇਹ ਚਾਹੀਦਾ ਹੈ ਕਿ ਜਿੰਨਾਂ ਜਲਦੀ ਹੋ ਸਕੇ ਉਹ ਸੁਬਹ-ਸਵੇਰੇ ਉੱਠਣ ਦੀ ਕੋਸ਼ਿਸ਼ ਕਰੇ ਅਤੇ ਕੁਦਰਤ ਦੇ ਗੁਣਾਂ ਦਾ ਲਾਭ ਉਠਾਵੇ ਅਤੇ ਜ਼ਿੰਦਗੀ ਨੂੰ ਕੁਦਰਤ ਦੀ ਤਰ੍ਹਾਂ ਹੀ ਨਵਾਂ ਨਰੋਆ ਰੱਖਣ ਵਿਚ ਆਪਣੀ ਮੱਦਦ ਆਪ ਕਰੇ। ਸਾਨੂੰ ਕੁਦਰਤ ਨੇ ਜੋ ਵੀ ਗੁਣ ਬਖਸ਼ਿਸ਼ ਕੀਤੇ ਹਨ ਉਨ੍ਹਾਂ ਦਾ ਵਿਕਾਸ ਵੀ ਕੁਦਰਤ ਦੇ ਸਹਿਯੋਗ ਨਾਲ ਹੀ ਹੋ ਸਕਦਾ ਹੈ। ਪਰ ਅੱਜ ਕੱਲ ਅਜਿਹੇ ਗੁਣਾਂ ਨੂੰ ਨਕਲੀ ਤਰੀਕੇ ਨਾਲ ਪੈਦਾ ਕੀਤਾ ਜਾ ਰਿਹਾ ਹੈ ਜਿਵੇਂ ਇਕਾਂਤ ਵਿਚ ਰਹਿਣ ਲਈ ਘਰ ਨੂੰ ਕੁੰਡੇ ਲਗਾਏ ਜਾ ਰਹੇ ਹਨ, ਚੌਕੀਦਾਰ ਰੱਖੇ ਜਾਂਦੇ ਹਨ ਤਾਂ ਕਿ ਐਵੇਂ ਹੀ ਕੋਈ ਤੰਗ ਜਾਂ ਪ੍ਰੇਸ਼ਾਨ ਨਾ ਕਰੀ ਜਾਵੇ, ਮੌਸਮ ਨੂੰ ਆਪਣੇ ਅਨੁਕੂਲ ਬਣਾਉਣ ਲਈ ਪੱਖੇ, ਕੂਲਰ ਅਤੇ ਏਅਰ ਕੰਡੀਸ਼ਨਰਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ, ਸਰੀਰ ਦੀ ਸੁੰਦਰਤਾ ਬਿਊਟੀ ਪਾਰਲਰਾਂ ਅਤੇ ਹੋਰ ਗੈਰ-ਕੁਦਰਤੀ ਤਰੀਕਿਆਂ ਵਿਚੋਂ ਲੱਭੀ ਜਾ ਰਹੀ

ਹੈ ਆਦਿ। ਇਹ ਸਭ ਚੀਜ਼ਾਂ ਤਾਂ ਇੰਝ ਲੱਗਦੀਆਂ ਹਨ ਜਿਵੇਂ ਕਿਸੇ ਮਸ਼ੀਨ ਨੂੰ ਚਲਾਉਣ ਲਈ ਕਿਸੇ ਕੁੱਪੀ ਨਾਲ ਤੇਲ ਦਿਤਾ ਜਾ ਰਿਹਾ ਹੋਵੇ। ਇਹ ਸਭ ਚੀਜ਼ਾਂ ਵਿਅਕਤੀ ਦੀ ਦੌਲਤ ਦਾ ਪ੍ਰਗਟਾਵਾ ਤਾਂ ਕਰ ਸਕਦੀਆਂ ਹਨ, ਪਰ ਵਿਅਕਤੀ ਅੰਦਰ ਕੁਦਰਤੀ ਗੁਣਾਂ ਦਾ ਵਿਕਾਸ ਰੋਕ ਦਿੰਦੀਆਂ ਹਨ। ਇਸ ਲਈ ਹਰ ਇਕ ਵਿਅਕਤੀ ਲਈ ਜ਼ਰੂਰੀ ਹੈ ਕਿ ਕੁਦਰਤੀ ਗੁਣਾਂ ਨੂੰ ਉਜਾਗਰ ਕਰਨ ਲਈ ਕੁਦਰਤ ਦਾ ਹੀ ਸਹਾਰਾ ਲਵੇ, ਜਿਵੇਂ ਧਰਤੀ ਉਤੇ ਡਿੱਗਿਆ ਹੋਇਆ ਮਨੁੱਖ ਧਰਤੀ ਦੀ ਸਹਾਇਤਾ ਤੋਂ ਬਿਨਾਂ ਉਠ ਨਹੀਂ ਸਕਦਾ, ਉਸੇ ਤਰ੍ਹਾਂ ਕੁਦਰਤ ਦੀ ਮਦਦ ਤੋਂ ਬਗੈਰ ਕੁਦਰਤੀ ਗੁਣਾਂ ਦਾ ਆਪਣੇ ਜੀਵਨ ਵਿਚ ਸੰਚਾਰ ਨਹੀਂ ਕਰ ਸਕਦਾ।

ਕਿਹਾ ਜਾਂਦਾ ਹੈ ਕਿ ਕੁਦਰਤ ਦੇ ਤਿੰਨ ਪ੍ਰਮੁੱਖ ਗੁਣ ਹਨ ਜਿਨਾਂ ਨੂੰ ਸਤਵ, ਰਜਸ ਅਤੇ ਤਮਸ ਕਿਹਾ ਜਾਂਦਾ ਹੈ। ਇਹ ਤਿੰਨ ਗੁਣ ਵਿਅਕਤੀ ਅੰਦਰ ਵੀ ਹੁੰਦੇ ਹਨ। ਸਤਵਿਕ ਗੁਣ ਦੇ ਭਾਰੂ ਹੋਣ ਨਾਲ ਵਿਅਕਤੀ ਭਗਤੀ ਵੱਲ ਲਗਦਾ ਹੈ, ਰਾਜਸੀ ਗੁਣ ਦੇ ਭਾਰੂ ਹੋਣ ਨਾਲ ਵਿਅਕਤੀ ਅੰਦਰ ਉੱਚਾ ਉੱਠਣ ਅਤੇ ਸਮਾਜ ਭਲਾਈ ਦੇ ਕੰਮਾਂ ਵਿਚ ਸਹਾਇਤਾ ਮਿਲਦੀ ਹੈ, ਤਮਸਿਕ ਗੁਣ ਦੇ ਭਾਰੂ ਹੋਣ ਨਾਲ ਵਿਅਕਤੀ ਆਲਸੀ ਅਤੇ ਵਿਹਲੜ ਬਣਦਾ ਹੈ। ਕੁਦਰਤ ਦੇ ਇਹ ਤਿੰਨੇ ਗੁਣ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਨ। ਸਤਵ ਗੁਣ ਦੇ ਭਾਰੂ ਹੋਣ ਨਾਲ ਵਿਅਕਤੀ ਦਾ ਮਨ ਭਗਤੀ ਵੱਲ ਲਗਦਾ ਹੈ, ਜਦੋਂ ਵਿਅਕਤੀ ਕੰਮ ਕਰਦਾ ਹੈ ਤਾਂ ਉਸ ਉਤੇ ਰਾਜਸੀ ਗੁਣ ਭਾਰੂ ਮੰਨਿਆ ਜਾਦਾਂ ਹੈ, ਇਹ ਵੇਲ਼ਾ ਸਾਰੇ ਦਿਨ ਵਿਚ ਕਿਸੇ ਸਮੇਂ ਵੀ ਆ ਸਕਦਾ ਹੈ, ਜਦੋਂ ਵਿਅਕਤੀ ਵਿਹਲੜ ਅਤੇ ਆਲਸੀ ਹੁੰਦਾ ਹੈ ਤਾਂ ਆਪਣੇ ਬੁਰੇ ਅਤੇ ਗਲਤ ਕੰਮਾਂ ਲਈ ਦੂਜਿਆਂ ਨੂੰ ਦੋਸ਼ ਦਿੰਦਾ ਹੈ ਅਤੇ ਆਪਣੀਆਂ ਸਭ ਪ੍ਰਕਾਰ ਦੀਆਂ ਗਲਤੀਆਂ ਲਈ ਦੂਜਿਆਂ ਨੂੰ ਜ਼ਿੰਮੇਵਾਰ ਸਮਝਦਾ ਹੋਇਆ ਆਪ ਕੁਝ ਵੀ ਕਰਨ ਤੋਂ ਇਨਕਾਰੀ ਹੁੰਦਾ ਹੈ, ਅਜਿਹੇ ਸਮੇਂ ਵਿਅਕਤੀ ਨੂੰ ਆਪ ਵੀ ਪਤਾ ਨਹੀਂ ਹੁੰਦਾ ਕਿ ਉਹ ਕੀ ਕਰ ਰਿਹਾ ਹੈ ਅਤੇ ਕੀ ਬੋਲ ਰਿਹਾ ਹੈ? ਇਸ ਸਮੇਂ ਵਿਅਕਤੀ ਉਤੇ ਤਾਮਸਿਕ ਗੁਣ ਭਾਰੂ ਹੁੰਦਾ ਹੈ। ਇਸ ਤਰ੍ਹਾਂ ਕੁਦਰਤ ਦੇ ਗੁਣਾਂ ਵਿਚ ਉਹ ਸਮਾਂ ਹੀ ਸ਼ੁਭ ਅਤੇ ਚੰਗਾ ਸਮਝਿਆ ਗਿਆ ਹੈ ਜਦੋਂ ਵਿਅਕਤੀ ਉਤੇ ਸਾਤਵਿਕ ਗੁਣ ਭਾਰੂ ਹੁੰਦਾ ਹੈ। ਅੰਮ੍ਰਿਤ ਵੇਲ਼ੇ ਅਜਿਹੇ ਗੁਣ ਦੀ ਭਰਪੂਰ ਵਰਤੋਂ ਹੁੰਦੀ ਹੈ, ਪਰ ਇਸਦੇ ਨਾਲ ਹੀ ਉਹ ਵੇਲਾ ਵੀ ਅੰਮ੍ਰਿਤ ਹੈ ਜਦੋਂ ਵਿਅਕਤੀ ਦੇ ਮਨ ਵਿਚ ਸ਼ੁਭ ਵਿਚਾਰ ਪੈਦਾ ਹੁੰਦੇ ਹਨ। ਕੁਦਰਤ ਦਾ ਇਹ ਮਹਾਨ ਗੁਣ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਤੇ ਸਹਾਇਤਾ ਕਰਦਾ ਹੈ ਇਸ ਲਈ ਸਾਨੂੰ ਵੀ ਅਜਿਹੇ ਗੁਣਾਂ ਦਾ ਸੰਚਾਰ ਕਰਨਾ ਚਾਹੀਦਾ ਹੈ ਇਸ ਕੰਮ ਲਈ ਵਿਅਕਤੀ ਨੂੰ ਕੁਦਰਤ ਦੇ ਨੇੜੇ ਜਾਣਾ ਚਾਹੀਦਾ ਹੈ, ਕੁਦਰਤ ਦੇ ਨੇੜੇ ਜਾਣ ਲਈ ਸਭ ਤੋਂ ਉਤਮ ਸਮਾਂ ਉਹ ਮੰਨਿਆ ਜਾਦਾ ਹੈ, ਜਦੋਂ ਦੁਨਿਆਵੀ ਝਮੇਲਿਆਂ ਤੋਂ ਦੂਰ ਵਿਅਕਤੀ ਦਾ ਮਨ ਸ਼ਾਂਤ ਅਤੇ ਥਕੇਵਿਆਂ ਤੋ ਦੂਰ ਹੁੰਦਾ ਹੈ। ਅਜਿਹਾ ਸਮਾਂ ਹੀ ਅੰਮ੍ਰਿਤ ਵੇਲਾ ਹੁੰਦਾ ਹੈ।

<u>ਅੰਮ੍ਰਿਤ ਵੇਲ਼ੇ ਦੀਆਂ ਵਿਸ਼ੇਸ਼ਤਾਵਾਂ</u> :-

1. ਸਰੀਰ ਅਰੋਗ ਰਹਿੰਦਾ ਹੈ।

2. ਸਰੀਰਕ ਅਤੇ ਮਾਨਸਿਕ ਥਕਾਵਟ ਦੂਰ ਹੁੰਦੀ ਹੈ।

3. ਮਨ ਨਿਰਮਲ ਅਤੇ ਇਕਾਗਰ ਹੁੰਦਾ ਹੈ।

4. ਆਲਸੀਪੁਣਾ ਦੂਰ ਹੁੰਦਾ ਹੈ।

5. ਨਵੇਂ-ਨਵੇਂ ਵਿਚਾਰਾਂ ਦਾ ਸੰਚਾਰ ਹੁੰਦਾ ਹੈ।

6. ਕੁਦਰਤੀ ਗੁਣਾਂ ਦਾ ਵਿਕਾਸ ਹੁੰਦਾ ਹੈ।

7. ਪੰਛੀਆਂ ਦੇ ਸੁਰੀਲੇ ਸੁਰ ਮਨ ਵਿਚ ਖੇੜਾ ਪੈਦਾ ਕਰਦੇ ਹਨ।

8. ਅੰਮ੍ਰਿਤ ਵੇਲ਼ੇ ਪੈਦਾ ਹੋਇਆ ਉਦਮ ਸਾਰਾ ਦਿਨ ਵਿਅਕਤੀ ਨੂੰ ਉਦਮੀ ਬਣਾਈ ਰੱਖਦਾ ਹੈ।

9. ਕੰਮ ਕਰਨ ਦੀ ਸਮਰੱਥਾ ਵਿਚ ਵਾਧਾ ਹੁੰਦਾ ਹੈ।

10. ਪ੍ਰਭੂ ਭਗਤੀ ਵਿਚ ਮਨ ਜੁੜਦਾ ਹੈ।

***

16. ਚੰਗੀ ਜੀਵਨ ਜਾਚ ਦੇ ਗੁਣ

ਮਨੁੱਖ ਨੂੰ ਸਮਾਜਿਕ ਪਸ਼ੂ ਕਿਹਾ ਗਿਆ ਹੈ। ਉਸ ਵਿਚ ਉਹ ਰੁਚੀਆਂ ਜੋ ਕ੍ਰਿਆਂ ਲਈ ਉਤੇਜਤ ਕਰਦੀਆਂ ਹਨ, ਉਹਨਾਂ ਦੇ ਨਾਮ ਹਨ :- 1. ਕਾਮ 2. ਕਰੋਧ 3. ਲੋਭ 4. ਮੋਹ 5. ਹੰਕਾਰ।

ਪੱਛਮੀ ਵਿਗਿਆਨਿਕ ਵਿਚਾਰਧਾਰਾ ਇਹ ਹੈ ਕਿ ਮਨੁੱਖ ਹੌਲੀ ਹੌਲੀ ਪਸ਼ੂ ਸ਼੍ਰੇਣੀ ਵਿਚੋਂ ਉਗਮਿਆ ਹੈ ਅਤੇ ਇਹ ਪੰਜ ਰੁਚੀਆਂ ਉਹ ਵਿਰਸੇ ਵਿਚ ਲੈ ਕੇ ਆਇਆ ਹੈ ।

ਸਾਡੇ ਦੇਸ਼ ਦੇ ਵਿਚਾਰਵਾਨ ਆਵਾਗਮਨ ਦੇ ਸਿਧਾਂਤ ਅਨੁਸਾਰ ਇਹ ਆਖਦੇ ਹਨ ਕਿ ਇਕ ਮਨੁੱਖ ਦਾ ਹੁਣ ਦਾ ਸੁਭਾਅ ਉਸਦੇ ਪਿਛਲੇ ਜਨਮ-ਜਨਮਾਤਰਾਂ ਦੇ ਕਰਮਾਂ ਦਾ ਫ਼ਲ ਹੈ ।

ਦੋਵੇਂ ਵਿਚਾਰਾਂ ਦੇ ਆਧਾਰ ਤੇ ਇਹੋ ਹੀ ਸਿੱਧ ਹੁੰਦਾ ਹੈ ਕਿ ਮਨੁੱਖ ਦੀ ਕ੍ਰਿਆ ਦਾ ਆਧਾਰ ਆਦਿ ਪਸ਼ੂ ਬਿਰਤੀਆਂ ਹਨ। ਜਦੋਂ ਉਨ੍ਹਾਂ ਦਾ ਟੁੰਬਿਆ ਇਹ ਕੋਈ ਕੰਮ ਕਰ ਬੈਠਦਾ ਹੈ ਤਾਂ ਸਹੀ ਸਾਬਤ ਕਰਨ ਲਈ ਜਾਂ ਆਪਣੀ ਕਰਤੂਤ ਉਤੇ ਪੋਚਾ ਪਾਉਣ ਲਈ ਦਲੀਲਾਂ ਦਾ ਸਹਾਰਾ ਲੈਂਦਾ ਹੈ। ਮਨੁੱਖ ਆਮ ਤੌਰ ਤੇ ਵਕਤੀ ਮਨੋਵੇਗਾਂ ਦੇ ਆਧਾਰ ਤੇ ਕੰਮ ਕਰਦਾ ਹੈ।

ਸੋ ਚੰਗੇ ਜੀਵਨ ਲਈ ਪਹਿਲੀ ਪੌੜੀ ਇਹ ਹੈ ਕਿ ਇਨ੍ਹਾ ਰੁਚੀਆਂ ਨੂੰ ਕਾਬੂ 'ਚ, ਰੱਖਿਆ ਜਾਵੇ। ਕਾਮ ਨੂੰ ਕਾਬੂ 'ਚ ਰੱਖਕੇ ਵਿਅਕਤੀ ਭੱਦਰ ਪੁਰਸ਼ ਬਣਦਾ ਹੈ। ਕ੍ਰੋਧ ਨੂੰ ਵਸ ਕਰਕੇ ਬੀਰਤਾ, ਲੋਭ ਨੂੰ ਕਾਬੂ ਕਰਕੇ ਸੰਤੋਖ, ਮੋਹ ਨੂੰ ਕਾਬੂ ਰੱਖਕੇ ਸੱਚ-ਵਿਚਾਰ ਅਤੇ ਹਉਮੈਂ ਨੂੰ ਕਾਬੂ 'ਚ ਰੱਖ ਕੇ ਸਵੈ-ਵਿਸ਼ਵਾਸ ਤੇ ਨਿਮਰਤਾ ਦੇ ਗੁਣ ਪੈਦਾ ਹੁੰਦੇ ਹਨ, ਜੋ ਮਨੁੱਖ ਨੂੰ ਸੁੰਦਰ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਪ੍ਰਦਾਨ ਕਰਦੇ ਹਨ। ਇਨ੍ਹਾਂ ਰੁਚੀਆਂ ਨੂੰ ਕਾਬੂ ਕਰਨ ਲਈ ਲਗਾਤਾਰ ਚੰਗੇ ਗਿਆਨ ਦੀ ਪ੍ਰਾਪਤੀ, ਚੰਗੀ ਸੰਗਤ, ਚੰਗੇ ਉਸਾਰੂ ਕੰਮ ਅਤੇ ਖੁਸ਼ੀ ਭਰਿਆ ਜੀਵਨ ਦੀ ਇੱਛਾ ਮਨ 'ਚ ਹਮੇਸ਼ਾ ਰਹਿਣੀ ਚਾਹੀਦੀ ਹੈ।

ਸਰੀਰ ਦੀ ਅਰੋਗਤਾ:- ਪੂਰੀ ਸ਼ਕਤੀ ਲਈ ਸਰੀਰ ਦੀ ਅਰੋਗਤਾ ਤੇ ਮਨ ਦੀ ਸ਼ਾਂਤੀ ਜ਼ਰੂਰੀ ਗੁਣ ਹਨ। ਰੋਗ ਤਾਂ ਕਈ ਹਨ ਪਰ ਅਰੋਗਤਾ ਦੇ ਨਿਯਮ ਬਹੁਤ ਥੋੜੇ ਹਨ। ਵੇਲੇ ਸਿਰ ਖਾਣਾ, ਸੌਣਾ, ਜਾਗਣਾ ਕਸਰਤ ਕਰਨੀ ਇਹ ਅਰੋਗਤਾ ਲਈ ਵੱਡੇ ਸਹਾਇਕ ਹਨ। ਖਾਣ ਬਾਰੇ ਗੁਰਬਾਣੀ 'ਚ ਸੁੰਦਰ ਆਦੇਸ਼ ਹੈ :-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ॥

ਖੁਸ਼ੀ ਲਈ ਤਨ ਤੇ ਮਨ ਦੋਹਾਂ ਦੀ ਅਰੋਗਤਾ ਜ਼ਰੂਰੀ ਹੈ। ਜਿਸ ਮਨ 'ਚ ਸਦਾ ਸਾੜਾ, ਈਰਖਾ, ਵੈਰ, ਵਿਰੋਧ ਅਤੇ ਕ੍ਰੋਧ ਦੇ ਭਾਬੜ ਮੱਚਦੇ ਹੋਣ, ਉਹ ਸਰੀਰ ਅਰੋਗ ਨਹੀਂ ਰਹਿ ਸਕਦਾ। ਮਨ ਨੂੰ ਕਾਬੂ ਕਰਨ ਤੇ ਸੁੰਦਰ ਬਨਾਉਣ ਲਈ ਚੰਗਾ ਗਿਆਨ ਪ੍ਰਾਪਤ ਕਰੋ, ਚੰਗੇ ਕੰਮ ਕਰੋ, ਚੰਗੀ ਸੰਗਤ 'ਚ ਰਹੋ ਅਤੇ ਆਪਣੇ ਗੁਣਾਂ 'ਚ ਵਾਧਾ ਕਰਦੇ ਰਹੋ। ਹਰ ਰੋਜ਼ ਘੱਟੋ-ਘੱਟ 30-40 ਮਿੰਟ ਚੰਗੀ ਵਰਜਿਸ਼ ਕਰੋ। ਵੱਡੀ ਉਮਰ ਦੇ ਲੋਕਾਂ ਲਈ ਲੰਮੀ ਸੈਰ ਬਹੁਤ ਲਾਭਕਾਰੀ ਹੈ। ਵਰਜਿਸ਼ ਇੰਨੀ ਕੀਤੀ ਜਾਵੇ ਜਿਸ ਨਾਲ ਥੋੜ੍ਹਾ ਸਾਹ ਚੜ੍ਹ ਜਾਵੇ। ਲਗਾਤਾਰ ਵਰਜਿਸ਼, ਸਰੀਰ ਨੂੰ ਤਕੜਿਆਂ ਰੱਖਦੀ ਹੈ, ਦਿਲ ਮਜ਼ਬੂਤ ਹੁੰਦਾ ਹੈ ਅਤੇ ਉਮਰ ਲੰਮੇਰੀ ਹੁੰਦੀ ਹੈ। ਪੌਸ਼ਟਿਕ ਖੁਰਾਕ, ਵਰਜਿਸ਼ ਤੇ ਮਨ ਨੂੰ ਚੰਗੀਆਂ ਸੋਚਾਂ ਦੇ ਸੁਮੇਲ ਨਾਲ ਸਰੀਰ ਹਮੇਸ਼ਾ ਚੁਸਤ ਰਹਿੰਦਾ ਹੈ ਅਤੇ ਅਸੀਂ ਚੜ੍ਹਦੀ ਕਲਾ 'ਚ ਰਹਿੰਦੇ ਹਾਂ।

ਵੱਡੀਆਂ ਸੋਚਾਂ ਸੋਚੋ ਤੇ ਵੱਡੇ ਸੁਪਨੇ ਲਵੋ:- ਕਾਮਯਾਬ ਜੀਵਨ ਲਈ ਜ਼ਰੂਰੀ ਹੈ ਕਿ ਜਿੰਦਗੀ 'ਚ ਕੋਈ ਚੰਗਾ ਨਿਸ਼ਾਨਾ ਲੱਭਿਆ ਜਾਵੇ ਜੋ ਨਿਸ਼ਾਨਾ ਵਿਅਕਤੀ ਦੀ ਆਪਣੀ ਯੋਗਤਾ ਤੇ ਗੁਣਾਂ ਤੇ ਆਧਾਰਤ ਹੋਵੇ। ਆਪਣੇ ਬਾਰੇ ਜਾਣਕਾਰੀ ਰਖੋ, ਸਹੀ ਨਿਸ਼ਾਨਾ ਨਿਸ਼ਚਿਤ ਕਰਕੇ ਉਸ ਦੀ ਪੂਰਤੀ ਲਈ ਸੰਜੀਦਗੀ ਨਾਲ ਯਤਨ ਕਰੋ। ਵੱਡੀਆਂ ਸੋਚਾਂ ਸੋਚੋ ਅਤੇ ਵੱਡੇ ਸੁਪਨੇ ਲਵੋ। ਅਸੀਂ ਕਈ ਵਾਰ ਆਪਣੀ ਸ਼ਕਤੀ ਦਾ ਪੂਰਾ ਗਿਆਨ ਨਾ ਹੋਣ ਕਾਰਨ ਪੂਰੀ ਕਾਮਯਾਬੀ ਹਾਸਿਲ ਨਹੀਂ ਕਰ ਸਕਦੇ। ਵੱਡੇ ਕਰਮਯੋਗੀਆਂ ਨੂੰ ਆਪਣਾ ਪ੍ਰੇਰਣਾ-ਸ੍ਰੋਤ ਬਣਾਓ। ਉਨ੍ਹਾਂ ਦੀਆਂ ਜੀਵਨੀਆਂ ਪੜ੍ਹੋ ਅਤੇ ਉਨ੍ਹਾਂ ਦੇ ਦੱਸੇ ਪੂਰਨਿਆਂ ਤੇ ਚੱਲਣ ਦਾ ਯਤਨ ਕਰੋ।

ਵਰਤਮਾਨ 'ਚ ਰਹੋ ਅਤੇ ਸਮੇਂ ਦੀ ਸੰਭਾਲ ਕਰੋ:- ਭੂਤਕਾਲ 'ਚ ਹੋਈਆਂ ਗਲਤੀਆਂ ਤੋਂ ਪ੍ਰੇਸ਼ਾਨ ਨਾ ਹੋਵੋ। ਉਹਨਾਂ ਗਲਤੀਆਂ ਤੋਂ ਸਬਕ ਸਿੱਖੋ। ਭਵਿੱਖ ਅਜੇ ਆਉਣਾ ਹੈ, ਉਸਨੂੰ ਚੰਗਾ ਬਨਾਉਣ ਲਈ ਵਰਤਮਾਨ ਨੂੰ ਸੰਭਾਲੋ। ਭਾਈ ਗੁਰਦਾਸ ਜੀ ਦਾ ਫੁਰਮਾਣ ਹੈ :- ਵਰਤਮਾਨ ਵਿਚ ਵਰਤਦਾ, ਹੋਣਹਾਰ ਸੋਈ ਪਰਵਾਣਾ

ਜਿਹੋ ਜਿਹਾ ਬੀਜ ਬੀਜੋਗੇ, ਉਸੇ ਤਰ੍ਹਾਂ ਦਾ ਫਲ ਪਾਓਗੇ। ਗੁਰਬਾਣੀ ਦਾ ਫੁਰਮਾਨ ਹੈ:- "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ " (ਪੰਨਾ : 134)

ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਅਸੀਂ ਆਪਣੇ ਸਮੇਂ ਦੀ ਸੰਭਾਲ ਕਰਨੀ ਸਿਖੀਏ। ਕੋਈ ਵੀ ਸਮਾਂ ਅਸੀਂ ਫਾਲਤੂ ਕੰਮਾਂ ਜਾਂ ਸੋਚਾਂ ਵਿਚ ਨਸ਼ਟ ਨਾ ਕਰੀਏ। ਸਾਡਾ ਹਰ ਪਲ ਨਿਰਮਲ ਸੋਚ ਅਤੇ ਉਸਾਰੂ ਕੰਮ ਲਈ ਸਮਰਪਤ ਹੋਵੇ।

ਮੁਸ਼ਕਲਾਂ ਅਤੇ ਗਲਤੀਆਂ ਤੋਂ ਘਬਰਾਓ ਨਾ:– ਜ਼ਿੰਦਗੀ ਮੁਸ਼ਕਲਾਂ ਭਰਪੂਰ ਹੈ। ਹਰ ਵਿਅਕਤੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੋ ਮੁਸ਼ਕਲਾਂ ਤੋਂ ਘਬਰਾਓ ਨਾ ਬਲਕਿ ਇਹਨਾਂ ਦਾ ਟਾਕਰਾ ਕਰੋ ਅਤੇ ਇਨ੍ਹਾਂ ਦੇ ਹੱਲ ਲੱਭੋ। ਮੁਸ਼ਕਲਾਂ ਦਾ ਟਾਕਰਾ ਕਰਦਾ ਹੋਇਆ ਵਿਅਕਤੀ ਸੂਝਵਾਨ ਬਣਦਾ ਹੈ ਅਤੇ ਉਸ ਵਿਚ ਸਵੈ-ਵਿਸ਼ਵਾਸ ਪੈਦਾ ਹੁੰਦਾ ਹੈ। ਗਲਤੀਆਂ ਤੋਂ ਘਬਰਾਓ ਨਾ, ਇਨ੍ਹਾਂ ਤੋਂ ਸਿੱਖਿਆ ਹਾਸਿਲ ਕਰੋ। ਇਕ ਗਲਤੀ ਨੂੰ ਦੁਬਾਰਾ ਕਰਨਾ ਹੀ ਬੁਰਾ ਹੈ, ਉਝ ਇਹ ਸਾਡੀਆਂ ਸੋਚਾਂ ਨੂੰ ਨਰੋਆ ਅਤੇ ਰੋਸ਼ਨ ਕਰਦੀਆਂ ਹਨ।

ਪੈਸੇ ਦੀ ਸੰਭਾਲ ਕਰਨੀ ਸਿੱਖੋ:– ਧਨ ਤੋਂ ਬਿਨਾਂ ਜੀਵਨ ਜੀਊਣਾ ਮੁਸ਼ਕਲ ਹੈ। ਪਰ ਬਹੁਤਾ ਧੰਨ ਵੀ ਮੁਸ਼ਕਲਾਂ ਤੇ ਦੁੱਖਾਂ ਦਾ ਕਾਰਨ ਬਣਦਾ ਹੈ ਜੇ ਅਸੀਂ ਇਸ ਦੀ ਠੀਕ ਸੰਭਾਲ ਨਹੀਂ ਕਰਦੇ। ਈਮਾਨਦਾਰੀ ਨਾਲ ਸਖਤ ਮਿਹਨਤ ਕਰੋ ਅਤੇ ਕਮਾਏ ਹੋਏ ਧਨ ਨੂੰ ਸੁਚੱਜੇ ਢੰਗ ਨਾਲ ਸੰਭਾਲੋ। ਧਨ ਦੇ ਮਾਲਿਕ ਰਹਿੰਦੇ ਹੋਏ ਇਸ ਦੀ ਯੋਗ ਵਰਤੋ ਕਰੋ ਅਤੇ ਧਨ ਦੇ ਗੁਲਾਮ (ਪੁੱਤ) ਨਾ ਬਣੋ। ਲੋੜ ਤੋਂ ਵੱਧ ਧਨ ਨੂੰ ਸਮਾਜ ਭਲਾਈ ਕੰਮਾਂ ਵਿਚ ਲਾਵੋ। ਇਸ ਨਾਲ ਜਿਥੇ ਸਮਾਜ ਨੂੰ ਚੰਗਾ ਬਨਾਉਣ 'ਚ ਹਿੱਸਾ ਪਾਵੋਗੇ, ਉਥੇ ਅਧਿਆਤਮਕ ਖੁਸ਼ੀ ਪ੍ਰਾਪਤ ਕਰੋਗੇ। ਚੰਗਾ ਜੀਵਨ ਜੀਵੋ ਪਰ ਐਸ਼ੋ-ਇਸ਼ਰਤ ਤੋਂ ਬਚੋ।

ਹਮੇਸ਼ਾ ਜੋਸ਼ ਨਾਲ ਜੀਵੋ:– ਕੋਈ ਵੀ ਕੰਮ ਕਰਨਾ ਵਿਅਰਥ ਹੈ ਜੇ ਉਹ ਕੰਮ ਕਰਦਿਆਂ ਸਾਡੇ ਵਿਚ ਜੋਸ਼ ਨਹੀਂ ਹੈ। ਕਾਬਲੀਅਤ ਜ਼ਰੂਰੀ ਹੈ, ਪਰ ਇਸ ਨਾਲ ਜੋਸ਼ ਦੀ ਚਿੰਗਾੜੀ ਹੋਣੀ ਚਾਹੀਦੀ ਹੈ। ਜੇ ਦੋਵਾਂ ਦਾ ਸੁਮੇਲ ਹੋ ਜਾਵੇ ਤਾਂ ਤੁਸੀਂ ਹਮੇਸ਼ਾ ਅੱਗੇ ਵਧਦੇ ਹੋਏ ਨਵੀਆਂ ਮੱਲਾਂ ਮਾਰਦੇ ਹੋਏ ਵਿਖਾਈ ਦੇਵੋਗੇ ।

ਯਾਦ ਰੱਖੋ: 'ਜੋਸ਼ ਘੱਟ' ਕੋਈ ਸਚਾਈ ਨਹੀਂ ਹੈ। ਸਚਾਈ ਤਾਂ ਇਹ ਹੈ ਕਿ ਜਾਂ ਤੁਹਾਡੇ 'ਚ ਜੋਸ਼ ਹੈ ਜਾਂ ਨਹੀਂ ਹੈ। ਜੇ ਤੁਹਾਡੇ 'ਚ ਜੋਸ਼ ਨਹੀਂ ਹੈ ਤਾਂ ਤੁਸੀ ਜ਼ਰੂਰ ਹਾਰੋਗੇ ਅਤੇ ਜ਼ਿੰਦਗੀ 'ਚ ਨਿਰਾਸ਼ਾ ਤੇ ਅਕੇਵੇਂ ਦਾ ਸਾਹਮਣਾ ਕਰੋਗੇ।

ਜੋਸ਼ ਸਾਡੇ ਸਾਰੇ ਜੀਵਨ ਦਾ ਹਿੱਸਾ ਬਣਨਾ ਚਾਹੀਦਾ ਹੈ ਅਤੇ ਸਾਡੀ ਸਾਰੀਆਂ ਸਰਗਰਮੀਆਂ-ਧਰਮ, ਕੰਮ, ਘਰ ਤੇ ਸ਼ੁਗਲ ਆਦਿ ਸਭ ਦਾ ਡੂੰਘਾ ਅੰਗ ਬਣਨਾ ਚਾਹੀਦਾ ਹੈ। ਕੇਵਲ ਇੰਝ ਹੀ ਅਥਾਹ ਸ਼ਕਤੀ ਦਾ ਫੁਆਰਾ ਫੁੱਟੇਗਾ ਜੋ ਵੱਡੇ ਕੰਮ ਕਰਨ ਲਈ ਜੀਵਨ ਨੂੰ ਪ੍ਰੇਰਨਾ ਦੇਵੇਗਾ। ਇਸ ਜੋਸ਼ ਨਾਲ ਡੱਟਕੇ ਮਿਹਨਤ ਕਰੋ। ਕਠਣ ਮਿਹਨਤ ਕਾਮਯਾਬੀ ਤੇ ਖੁਸ਼ੀ ਲਈ ਅਤੀ ਜ਼ਰੂਰੀ ਹੈ ।

ਸੀਨੇ ਖਿਚ ਜਿਨਾਂ ਨੇ ਪਾਧੀ, ਓ ਕਰ ਆਰਾਮ ਨਹੀਂ ਬਹਿੰਦੇ।
ਨਿਓ ਵਾਲੇ ਨੈਣਾਂ ਦੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋ ਉਰੇ ਮੁਕਾਮ ਨਾ ਕੋਈ, ਸੋ ਚਾਲ ਪਏ ਨਿਤ ਰਹਿੰਦੇ। (ਭਾਈ ਵੀਰ ਸਿੰਘ ਜੀ)

ਸਮਾਜ ਨਾਲ ਜੁੜੋ:– ਲੋਕਾਂ ਨਾਲ ਪਿਆਰ ਕਰੋ ਅਤੇ ਉਹਨਾਂ ਨੂੰ ਜਾਣਨ ਦੀ ਜਾਚ ਸਿੱਖੋ। ਤੁਸੀਂ ਹਰ ਮਨੁੱਖ ਤੋਂ ਕੁਝ ਨਾ ਕੁਝ ਸਿੱਖ ਸਕਦੇ ਹੋ। ਗੁਣਾਂ ਦੀ ਸਾਂਝ ਪੈਦਾ ਕਰੋ ਅਤੇ ਸਮਾਜ ਨੂੰ ਚੰਗੇਰਾ ਬਨਾਉਣ ਲਈ ਯਤਨ ਕਰੋ। ਕਮਜ਼ੋਰ ਤੇ ਪੱਛੜੇ ਹੋਏ ਲੋਕਾਂ ਨੂੰ

ਸੇਧ ਦੇ ਕੇ ਜੀਵਨ 'ਚ ਅੱਗੇ ਵਧਣ ਲਈ ਪ੍ਰੇਰਨਾ ਦੇਵੋ। ਗਰੀਬ ਲੋਕਾਂ ਦਾ ਸਹਾਰਾ ਬਣੋ।

ਈਮਾਨਦਾਰ ਰਹੋ:– ਸਾਡੇ ਜੀਵਨ 'ਚ ਸਚਾਈ ਇਕ ਠੋਸ ਅੰਗ ਹੋਣਾ ਚਾਹੀਦਾ ਹੈ। ਧੋਖੇਬਾਜ਼ੀ, ਚੋਰੀ, ਝੂਠ, ਬੋਲਣਾ ਅਤੇ ਕਿਸੇ ਦਾ ਹੱਕ ਮਾਰਨਾ ਇਹ ਸਭ ਔਗੁਣ ਹਨ ਜੋ ਕਿਸੇ ਵੀ ਵਿਅਕਤੀ ਨੂੰ ਖੁਸ਼ੀ ਤੇ ਸ਼ਾਂਤੀ ਨਹੀਂ ਬਖਸ਼ਦੇ। ਇਕ ਝੂਠ ਤੇ ਪਰਦਾ ਪਾਉਣ ਲਈ, ਕਈ ਹੋਰ ਝੂਠ ਬੋਲਣੇ ਪੈਂਦੇ ਹਨ ਜੋ ਸਾਡੇ ਅਚੇਤ ਮਨ ਉਪਰ ਅਸਰ ਕਰਕੇ ਜੀਵਨ 'ਚ ਕਈ ਪ੍ਰਕਾਰ ਦੀਆਂ ਉਲਝਣਾਂ ਪੈਦਾ ਕਰਦੇ ਹਨ ਕਿਸੇ ਵਿਅਕਤੀ ਦਾ ਚੰਗਾ ਕਿਰਦਾਰ, ਸੰਜੀਦਗੀ, ਈਮਾਨਦਾਰੀ ਅਤੇ ਸਖਤ-ਮਿਹਨਤ ਐਸੇ ਗੁਣ ਹਨ ਜੋ ਉਸਨੂੰ ਜਿੰਦਗੀ 'ਚ ਵਡਿਆਈ ਤੇ ਸੰਤੁਸ਼ਟੀ ਨਾਲ ਮਾਲਾ ਮਾਲ ਕਰਦੇ ਹਨ।

ਪ੍ਰਾਰਥਨਾ ਕਰੋ:– ਰੋਜ਼ਾਨਾ ਆਪਣੀ ਸਵੈ ਪੜਚੋਲ ਕਰੋ ਅਤੇ ਸਵੈ-ਵਿਕਾਸ ਲਈ ਲਗਾਤਾਰ ਯਤਨ ਕਰੋ। ਜਦ ਵੀ ਆਪਣਾ ਆਪ ਮੁਸ਼ਕਲ ਵਿਚ ਹੋਵੇ ਪਰਮਾਤਮਾ ਅੱਗੇ ਅਰਦਾਸ ਕਰੋ। ਰੋਜ਼ਾਨਾ ਚੰਗੇ ਕੰਮ ਕਰਨ ਤੇ ਕਾਮਯਾਬੀ ਲਈ ਅਰਦਾਸ ਕਰੋ। ਹਮੇਸ਼ਾ ਚੜ੍ਹਦੀ ਕਲਾ 'ਚ ਰਹੋ ਅਤੇ ਨਰੋਏ ਵਿਚਾਰਾਂ ਨੂੰ ਸੋਚੋ। ਜਿਗ ਜਿਗਲਰ ਅਮਰੀਕਾ ਦਾ ਉੱਚ ਕੋਟੀ ਦਾ ਮੈਨੇਜਮੈਂਟ ਸਲਾਹਕਾਰ ਕਹਿੰਦਾ ਹੈ, ਜਦ ਤੁਸੀਂ ਕਠਨ ਮਿਹਨਤ ਕਰਦੇ ਹੋ ਤਾਂ ਤੁਹਾਡੀ ਜ਼ਿੰਦਗੀ ਖੁਸ਼ੀਆਂ ਭਰਪੂਰ ਹੋਵੇਗੀ, ਪਰ ਜਦ ਤੁਸੀਂ ਆਰਾਮ ਪਰਸਤ ਹੋਵੋਗੇ ਤਾਂ ਜ਼ਿੰਦਗੀ ਤੁਹਾਡੇ ਲਈ ਮੁਸ਼ਕਲ ਬਣ ਜਾਵੇਗੀ। ''ਪ੍ਰਾਰਥਨਾ ਤੇ ਸਖਤ ਮਿਹਨਤ ਜਿੰਦਗੀ 'ਚ ਵੱਡੀਆਂ ਪ੍ਰਾਪਤੀਆਂ ਕਰਨ 'ਚ ਮਾਰਗ ਦਿੰਦੀਆਂ ਹਨ ਅਤੇ ਜੀਵਨ ਦੀ ਝੋਲੀ 'ਚ ਖੁਸ਼ੀਆਂ ਭਰ ਦਿੰਦੀਆਂ ਹਨ।

***

ਪ੍ਰਸ਼ਨ ਪੱਤਰ ਪਾਠ ਨੰ. 3

1. ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਜਾਣਕਾਰੀ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
2. ਗੁਰੂ ਅਮਰਦਾਸ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਲਈ ਕੀ ਪ੍ਰਬੰਧ ਕੀਤਾ? ਬਾਣੀ ਦੀ ਸੰਭਾਲ ਕਿਵੇਂ ਕੀਤੀ ਅਤੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਕੀ ਹਦਾਇਤ ਕੀਤੀ?
3. ਗੁਰੂ ਅਮਰਦਾਸ ਜੀ ਦਾ ਕਮਜ਼ੋਰ ਵਰਗ ਦੇ ਵਿਸ਼ੇਸ਼ ਤੌਰ ਤੇ ਸ਼ੂਦਰ ਲੋਕਾਂ ਬਾਰੇ ਕੀ ਸੋਚ ਸੀ? ਸਪਸ਼ਟ ਕਰੋ।
4. ਭਾਈ ਪ੍ਰੇਮਾ ਜੀ ਦਾ ਸੰਖੇਪ ਜੀਵਨ ਲਿਖੋ। ਗੁਰੂ ਸਾਹਿਬ ਨੇ ਭਾਈ ਪ੍ਰੇਮਾ ਜੀ ਲਈ ਕੀ ਕੀਤਾ ਅਤੇ ਭਾਈ ਪ੍ਰੇਮਾ ਨੇ ਸਿੱਖ ਧਰਮ 'ਚ ਕੀ ਪ੍ਰਾਪਤੀ ਕੀਤੀ?
5. 'ਪਹਿਲੇ ਪੰਗਤ ਪਾਛੈ ਸੰਗਤ' ਦੇ ਸਿਧਾਂਤ ਦੇ ਨਾਲ ਸਮਾਜ ਦਾ ਸੁਧਾਰ ਕਿਵੇਂ ਹੋ ਸਕਦਾ ਹੈ?
6. ਬਾਦਸ਼ਾਹ ਅਕਬਰ ਦੀ ਗੁਰੂ ਸਾਹਿਬ ਨਾਲ ਮਿਲਣੀ ਬਾਰੇ ਸੰਖੇਪ ਲਿਖੋ। ਬਾਦਸ਼ਾਹ ਨੇ ਗੁਰੂ ਸਾਹਿਬ ਨਾਲ ਕੀ ਗੱਲਾਂ ਕੀਤੀਆਂ ਅਤੇ ਗੁਰੂ ਸਾਹਿਬ ਜੀ ਨੇ ਕੀ ਉੱਤਰ ਦਿੱਤੇ?
7. ਸਿੱਖ ਧਰਮ ਦੇ ਆਗਮਨ ਸਮੇਂ ਇਸਤਰੀ ਦਾ ਸਮਾਜ 'ਚ ਕੀ ਸਥਾਨ ਸੀ? ਸੰਖੇਪ ਲਿਖੋ।
8. ਸਿੱਖ ਧਰਮ ਨੇ ਇਸਤਰੀ ਨੂੰ ਕੀ ਸਥਾਨ ਦਿੱਤਾ ਅਤੇ ਇਸ ਦੀ ਬੁਰੀ ਦਸ਼ਾ ਨੂੰ ਠੀਕ ਕਰਨ ਲਈ ਗੁਰੂ ਸਾਹਿਬਾਨ ਨੇ ਕਿਹੜੇ ਯਤਨ ਕੀਤੇ? ਬਿਆਨ ਕਰੋ।
9. ਗੁਰੂ ਅਮਰਦਾਸ ਜੀ ਨੇ ਭਾਈ ਜੇਠਾ (ਗੁਰੂ ਰਾਮਦਾਸ) ਦੀ ਬੀਬੀ ਭਾਨੀ ਲਈ ਵਰ ਦੀ ਚੋਣ ਕਿਉਂ ਕੀਤੀ? ਬੀਬੀ ਭਾਨੀ ਕਿਹੋ ਜਿਹੇ ਵਸਤਰ ਪਹਿਨਦੇ ਸਨ?
10. ਬੀਬੀ ਭਾਨੀ ਜੀ ਕਿਸੇ ਨੂੰ ਕਿਹੋ ਜਿਹੀ ਅਸੀਸ ਦਿੰਦੇ ਸਨ? ਅਖੀਰਲੀ ਉਮਰ 'ਚ ਉਹ ਕੀ ਕਰਦੇ ਰਹੇ? ਉਨ੍ਹਾਂ ਦਾ ਸਮੁੱਚਾ ਜੀਵਨ ਕੀ ਪ੍ਰੇਰਨਾ ਦਿੰਦਾ ਹੈ? ਸਪਸ਼ਟ ਕਰੋ।
11. ਭਾਈ ਲਾਲੂ ਜੀ ਕੀ ਕੰਮ ਕਰਦੇ ਸਨ ਅਤੇ ਉਹ ਸਿੱਖ ਧਰਮ ਨਾਲ ਕਿਵੇਂ ਜੁੜੇ? ਵਰਣਨ ਕਰੋ। ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਗੋਇੰਦਵਾਲ ਸਾਹਿਬ 'ਚ ਕੀ ਡਿਊਟੀ ਦਿੱਤੀ ਅਤੇ ਉਹ ਕਿਵੇਂ ਮਸ਼ਹੂਰ ਹੋਏ? ਉਨ੍ਹਾਂ ਗੁਰੂ ਸਾਹਿਬ ਪਾਸੋਂ ਕੀ ਮੰਗਿਆ ਬਿਆਨ ਕਰੋ?
12. ਗੁਰੂ ਸਾਹਿਬ ਨੇ ਭਾਈ ਲਾਲੂ ਜੀ ਨੂੰ ਸਿੱਖੀ ਪ੍ਰਚਾਰ ਲਈ ਕਿਉਂ ਚੁਣਿਆ ਅਤੇ ਉਨ੍ਹਾਂ ਨੂੰ ਕੀ ਪਦਵੀ ਬਖਸ਼ੀ? ਉਨ੍ਹਾਂ ਦਾ ਜੀਵਨ ਕੀ ਪ੍ਰੇਰਨਾ ਦਿੰਦਾ ਹੈ? ਲਿਖੋ।
13. ਸੇਵਾ ਤੇ ਉਪਕਾਰ 'ਚ ਕੀ ਅੰਤਰ ਹੈ? ਸਿੱਖ ਧਰਮ 'ਚ ਮਾਣ ਪ੍ਰਾਪਤੀ ਲਈ ਕੀ ਉਦੇਸ਼ ਦਿੱਤਾ? ਸਪੱਸ਼ਟ ਕਰੋ।

14. ਸਿੱਖ ਲਈ ਸੇਵਾ ਕਰਨ ਸਮੇਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? ਨਿਸ਼ਕਾਮ ਸੇਵਾ ਦੀ ਮਸਾਲ ਦੇਵੋ? ਵਰਣਨ ਕਰੋ।
15. ਅੱਜ ਕਲ ਸੇਵਾ ਬਾਰੇ ਕਿਸ ਤਰ੍ਹਾਂ ਦੀ ਸੋਚ ਚਲ ਰਹੀ ਹੈ? ਕੀ ਇਹ ਸਿੱਖੀ ਅਸੂਲਾਂ ਅਨੁਸਾਰ ਹੈ? ਬਿਆਨ ਕਰੋ।
16. ਜ਼ਾਤ-ਪਾਤ ਦੀ ਸੋਚ ਕਿਸਨੇ ਦਿੱਤੀ ਅਤੇ ਇਸ ਨੇ ਹਿੰਦੁਸਤਾਨ ਦਾ ਕੀ ਨੁਕਸਾਨ ਕੀਤਾ?ਬਿਆਨ ਕਰੋ। ਜ਼ਾਤ-ਪਾਤ ਪ੍ਰਤੀ ਰਿਜ਼ਰਵੇਸ਼ਨ ਦਾ ਕੀ ਦੋਸ਼ ਹੈ?
17. ਹਰੇਕ ਸ਼ਬਦ ਵਿਚ ਆਏ ਗੁਰਮਤਿ ਸਿਧਾਤਾਂ ਅਤੇ ਗੁਰ-ਉਪਦੇਸ਼ਾਂ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।
18. ਸਤਵ, ਰਜਸ ਅਤੇ ਤਮਸ ਗੁਣਾਂ ਬਾਰੇ ਲਿਖੋ। ਤਮਸ ਗੁਣ ਭਾਰੀ ਹੋਣ ਕਾਰਨ, ਮਨੁੱਖ 'ਚ ਕੀ ਔਗੁਣ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਬਿਆਨ ਕਰੋ।
19. ਅੰਮ੍ਰਿਤ ਵੇਲੇ ਦੀਆਂ ਵਿਸ਼ੇਸ਼ਤਾਵਾਂ ਲਿਖੋ।
20. ਸਰੀਰ ਦੀ ਅਰੋਗਤਾ ਲਈ ਕੀ ਕਰਨਾ ਚਾਹੀਦਾ ਹੈ? ਬਿਆਨ ਕਰੋ।
21. ਮਨੁੱਖ ਕਿਨ੍ਹਾਂ ਮਨੋਵੇਗਾਂ ਦੇ ਆਧਾਰ ਤੇ ਕੰਮ ਕਰਦਾ ਹੈ ਅਤੇ ਇਨ੍ਹਾਂ ਤੇ ਕਿਵੇਂ ਕਾਬੂ ਪਾਇਆ ਜਾਵੇ? ਬਿਆਨ ਕਰੋ।

-0-